1-JULY-PAGE-1.qxd 6/30/2023 9:57 PM Page 1

ਸ਼ਨੀਵਾਰ, 1 ਜੁਲਾਈ, 2023
17 ਹਾੜ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 30

ਨਵਾਂ ਜ਼ਮਾਨਾ

DAILY NAWAN ZAMANA • SATURDAY, 1 JULY, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਭਾਰਤ ਕਬੱਡੀ ਚੈਂਪੀਅਨ

ਬੁਸਾਨ (ਦੱਖਣੀ ਕੋਰੀਆ) : ਕੋਰੀਆ ਗਣਰਾਜ ਦੇ ਬੁਸਾਨ 'ਚ ਏਸ਼ੀਆਈ ਕਬੱਡੀ ਚੈਂਪੀਅਨਸ਼ਿਪ 2023 ਦੇ ਫਾਈਨਲ 'ਚ ਭਾਰਤ ਨੇ ਈਰਾਨ ਨੂੰ 42-32 ਨਾਲ ਹਰਾ ਦਿੱਤਾ। ਨੌਵੀਂ ਚੈਂਪੀਅਨਸ਼ਿਪ 'ਚ ਭਾਰਤ ਦਾ ਇਹ ਅੱਠਵਾਂ ਖਿਤਾਬ ਹੈ।

ਚੰਦਰਸ਼ੇਖਰ ਨੂੰ ਧਮਕਾਉਣ ਵਾਲਾ ਨੌਜਵਾਨ ਗ੍ਰਿਫ਼ਤਾਰ

ਅਮੇਠੀ : ਭੀਮ ਆਰਮੀ ਦੇ ਮੁਖੀ ਅਤੇ ਆਜ਼ਾਦ ਸਮਾਜ ਪਾਰਟੀ ਦੇ ਕੌਮੀ ਪ੍ਰਧਾਨ ਚੰਦਰਸ਼ੇਖਰ ਆਜ਼ਾਦ ਨੂੰ ਕਥਿਤ ਤੌਰ 'ਤੇ 'ਕਸ਼ੱਤਰੀ ਆਫ ਅਮੇਠੀ' ਨਾਂਅ ਦੇ ਫੇਸਬੁੱਕ ਪੇਜ 'ਤੇ ਜਾਨ ਤੋਂ ਮਾਰਨ ਦੀ ਧਮਕੀ ਦੇਣ ਵਾਲੇ ਅਮੇਠੀ ਦੇ ਬਸੰਤਪੁਰ ਪਿੰਡ ਦੇ ਵਿਮਲੇਸ਼ ਸਿੰਘ (30) ਨੂੰ ਪੁਲਸ ਨੇ ਵੀਰਵਾਰ ਸ਼ਾਮ ਗ੍ਰਿਫ਼ਤਾਰ ਕਰ ਲਿਆ। ਪੁਲਸ ਮੁਤਾਬਕ ਮੁੱਢਲੀ ਜਾਂਚ ਤੋਂ ਪਤਾ ਲੱਗਦਾ ਹੈ ਕਿ ਪਿਛਲੇ ਦਿਨੀਂ ਆਜ਼ਾਦ 'ਤੇ ਹੋਏ ਹਮਲੇ 'ਚ ਵਿਮਲੇਸ਼ ਦਾ ਹੱਥ ਨਹੀਂ ਹੈ।

ਟਵਿੱਟਰ ਨੂੰ 50 ਲੱਖ ਦਾ ਜੁਰਮਾਨਾ

ਬੇਂਗਲੂਰੂ : ਕਰਨਾਟਕ ਹਾਈ ਕੋਰਟ ਨੇ ਟਵਿੱਟਰ ਇੰਕ ਵੱਲੋਂ ਦਾਇਰ ਉਸ ਪਟੀਸ਼ਨ ਨੂੰ ਖਾਰਜ ਕਰ ਦਿੱਤਾ, ਜਿਸ 'ਚ ਕੰਪਨੀ ਨੇ ਸਮੱਗਰੀ ਨੂੰ ਹਟਾਉਣ ਅਤੇ ਬਲੌਕ ਕਰਨ ਬਾਰੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਦੇ ਆਦੇਸ਼ ਨੂੰ ਚੁਣੌਤੀ ਦਿੱਤੀ ਸੀ। ਇਸ ਦੇ ਨਾਲ ਹੀ ਅਦਾਲਤ ਨੇ ਕਿਹਾ ਕਿ ਕੰਪਨੀ ਦੀ ਪਟੀਸ਼ਨ ਦਾ ਕੋਈ ਆਧਾਰ ਨਹੀਂ ਹੈ। ਜਸਟਿਸ ਕ੍ਰਿਸ਼ਨਾ ਐੱਸ ਦੀਕਸ਼ਿਤ ਨੇ ਟਵਿੱਟਰ ਕੰਪਨੀ 'ਤੇ 50 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਅਤੇ ਇਸ ਨੂੰ 45 ਦਿਨਾਂ ਦੇ ਅੰਦਰ ਕਰਨਾਟਕ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਕੋਲ ਜਮ੍ਹਾਂ ਕਰਨ ਦਾ ਹੁਕਮ ਦਿੱਤਾ।

ਨਾਓਮੀ ਵੱਲੋਂ ਖੁਸ਼ੀ ਸਾਂਝੀ

ਲਾਸ ਏਂਜਲਸ : ਸੁਪਰਮਾਡਲ ਨਾਓਮੀ ਕੈਂਪਬੈਲ (53) ਨੇ ਆਪਣੇ ਦੂਜੇ ਬੱਚੇ ਨੂੰ ਜਨਮ ਦਿੱਤਾ ਹੈ। ਉਸ ਨੇ ਮੁੰਡਾ ਹੋਣ ਦੀ ਖੁਸ਼ਖਬਰੀ ਇੰਸਟਾਗ੍ਰਾਮ 'ਤੇ ਪ੍ਰਸੰਸਕਾਂ ਅਤੇ ਫਾਲੋਅਰਜ਼ ਨਾਲ ਸਾਂਝੀ ਕੀਤੀ। ਇਸ ਤੋਂ ਪਹਿਲਾਂ ਉਸ ਦੇ ਧੀ ਸੀ।

ਕੁੱਟ-ਕੁੱਟ ਕੇ ਹੱਤਿਆ

ਗੋਇੰਦਵਾਲ ਸਾਹਿਬ : ਕਸਬਾ ਖਡੂਰ ਸਾਹਿਬ 'ਚ ਪ੍ਰਾਪਰਟੀ ਡੀਲਰ ਸਰਬਜੀਤ ਸਿੰਘ ਨੇ ਕਥਿਤ ਨਾਜਾਇਜ਼ ਸੰਬੰਧਾਂ ਦੇ ਸ਼ੱਕ ਕਾਰਨ ਸ਼ੁੱਕਰਵਾਰ ਆਪਣੀ 52 ਸਾਲਾ ਪਤਨੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਮ੍ਰਿਤਕਾ ਦੀ ਧੀ ਨੇ ਦੱਸਿਆ ਕਿ ਪਿਤਾ ਮਾਂ ਨੂੰ ਅਕਸਰ ਕੁੱਟਦਾ ਰਹਿੰਦਾ ਸੀ।

ਮਸ਼ਹੂਰ ਸਨੂਕਰ ਖਿਡਾਰੀ ਮਾਜਿਦ ਅਲੀ ਵੱਲੋਂ ਖੁਦਕੁਸ਼ੀ

ਕਰਾਚੀ : ਮਸ਼ਹੂਰ ਪਾਕਿਸਤਾਨੀ ਸਨੂਕਰ ਖਿਡਾਰੀ ਅਤੇ ਏਸ਼ੀਆਈ ਅੰਡਰ-21 ਦੇ ਚਾਂਦੀ ਤਮਗਾ ਜੇਤੂ ਮਾਜਿਦ ਅਲੀ (28) ਨੇ ਪੰਜਾਬ ਦੇ ਫੈਸਲਾਬਾਦ ਨੇੜੇ ਆਪਣੇ ਜੱਦੀ ਸ਼ਹਿਰ ਸਮੁੰਦਰੀ 'ਚ ਖੁਦਕੁਸ਼ੀ ਕਰ ਲਈ। ਮਾਜਿਦ ਕਥਿਤ ਤੌਰ 'ਤੇ ਡਿਪਰੈਸ਼ਨ ਤੋਂ ਪੀੜਤ ਸੀ ਅਤੇ ਪੁਲਸ ਅਨੁਸਾਰ ਉਸ ਨੇ ਲੱਕੜ ਕੱਟਣ ਵਾਲੀ ਮਸ਼ੀਨ ਦੀ ਵਰਤੋਂ ਕਰਕੇ ਖੁਦਕੁਸ਼ੀ ਕਰ ਲਈ। ਉਸ ਨੇ ਕਈ ਅੰਤਰਰਾਸ਼ਟਰੀ ਮੁਕਾਬਲਿਆਂ 'ਚ ਪਾਕਿਸਤਾਨ ਦੀ ਨੁਮਾਇੰਦਗੀ ਕੀਤੀ। ਪਿਛਲੇ ਮਹੀਨੇ ਇੱਕ ਹੋਰ ਅੰਤਰਰਾਸ਼ਟਰੀ ਸਨੂਕਰ ਖਿਡਾਰੀ ਮੁਹੰਮਦ ਬਿਲਾਲ ਦੀ ਦਿਲ ਦੀ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ।

ਬੋਲੈਰੋ ਖੜ੍ਹੇ ਟਰੱਕ 'ਚ ਵੱਜਣ ਨਾਲ 7 ਮੌਤਾਂ

ਬਾਂਦਾ : ਯੂ ਪੀ ਦੇ ਬਾਂਦਾ ਜ਼ਿਲ੍ਹੇ ਦੇ ਬਾਬੇਰੂ ਕੋਤਵਾਲੀ ਇਲਾਕੇ 'ਚ ਸੜਕ ਹਾਦਸੇ 'ਚ 7 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖਮੀ ਹੋ ਗਿਆ। ਵੀਰਵਾਰ ਰਾਤ ਕਰੀਬ 9.30 ਵਜੇ ਤੇਜ਼ ਰਫਤਾਰ ਬੋਲੈਰੋ ਬੇਕਾਬੂ ਹੋ ਕੇ ਸੜਕ ਕਿਨਾਰੇ ਖੜ੍ਹੇ ਟਰੱਕ ਨਾਲ ਟਕਰਾਅ ਗਈ। ਬੋਲੈਰੋ ਸਵਾਰ 5 ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਦੋ ਨੇ ਇਲਾਜ ਦੌਰਾਨ ਦਮ ਤੋੜ ਦਿੱਤਾ। 6 ਮ੍ਰਿਤਕਾਂ ਦੀ ਪਛਾਣ ਸ਼ਕੀਲ (25), ਮੁਸਾਹਿਦ (24), ਮੁਹੰਮਦ ਕੈਫ (18), ਸਾਇਰਾ ਬਾਨੋ (37), ਕੱਲੂ (13), ਜਾਹਿਲ (25) ਵਜੋਂ ਹੋਈ ਹੈ, ਜਦਕਿ ਇਕ ਮ੍ਰਿਤਕ ਦੀ ਪਛਾਣ ਨਹੀਂ ਹੋ ਸਕੀ ਹੈ। ਵੀਰਵਾਰ ਦੇਰ ਸ਼ਾਮ ਬਿਜਲੀ ਦਾ ਕਰੰਟ ਲੱਗਣ ਨਾਲ ਗੰਭੀਰ ਰੂਪ ਨਾਲ ਜ਼ਖਮੀ ਸਾਇਰਾ ਬਾਨੋ ਦੇ ਬੇਟੇ ਕੱਲੂ ਨੂੰ ਹਸਪਤਾਲ ਲੈ ਕੇ ਜਾ ਰਹੇ ਸਨ। ਟਰੱਕ ਚਾਲਕ ਫਰਾਰ ਹੋ ਗਿਆ।

ਅਮਰਨਾਥ ਯਾਤਰਾ ਲਈ ਪਹਿਲਾ ਜਥਾ ਰਵਾਨਾ

ਜੰਮੂ : ਅਮਰਨਾਥ ਸ਼ਰਧਾਲੂਆਂ ਦੇ ਸੁਰੱਖਿਆ ਕਾਫਲੇ ਦਾ ਵਾਹਨ ਸ਼ੁੱਕਰਵਾਰ ਜੰਮੂ-ਸ੍ਰੀਨਗਰ ਰਾਸ਼ਟਰੀ ਰਾਜਮਾਰਗ 'ਤੇ ਊਧਮਪੁਰ ਜ਼ਿਲ੍ਹੇ ਦੇ ਬਾਲੀ ਨਾਲਾ ਖੇਤਰ 'ਚ ਫਿਸਲ ਗਿਆ, ਜਿਸ ਕਾਰਨ ਉਸ 'ਚ ਸਵਾਰ ਡੀ ਐੱਸ ਪੀ ਸਮੇਤ ਤਿੰਨ ਵਿਅਕਤੀ ਜ਼ਖਮੀ ਹੋ ਗਏ। ਇਸ ਤੋਂ ਪਹਿਲਾਂ ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਸਵੇਰੇ ਜੰਮੂ ਦੇ ਭਗਵਤੀ ਨਗਰ ਕੈਂਪ ਤੋਂ ਸਾਲਾਨਾ ਅਮਰਨਾਥ ਯਾਤਰਾ ਲਈ ਕਰੀਬ 3400 ਸ਼ਰਧਾਲੂਆਂ ਦੇ ਪਹਿਲੇ ਜਥੇ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।

ਮਨੀਪੁਰ 'ਚ ਅਸਤੀਫ਼ਾ ਡਰਾਮਾ



ਮੁੱਖ ਮੰਤਰੀ ਬੀਰੇਨ ਸਿੰਘ (ਸੱਜੇ) ਹਮਾਇਤੀਆਂ ਵੱਲੋਂ ਪਾੜਿਆ ਉਨ੍ਹਾ ਦਾ ਅਸਤੀਫਾ।

ਇੰਫਾਲ : ਬੇਕਾਬੂ ਹੋਏ ਪਏ ਮਨੀਪੁਰ 'ਚ ਸ਼ੁੱਕਰਵਾਰ ਤਕੜਾ ਡਰਾਮਾ ਹੋਇਆ, ਜਦੋਂ ਹਮਾਇਤੀਆਂ ਨੇ ਮੁੱਖ ਮੰਤਰੀ ਬੀਰੇਨ ਸਿੰਘ ਦਾ ਅਸਤੀਫਾ ਪਾੜ ਦਿੱਤਾ ਤੇ ਉਸ ਤੋਂ ਬਾਅਦ ਉਨ੍ਹਾ ਕਿਹਾ ਕਿ ਹੁਣ ਉਹ ਅਸਤੀਫਾ ਨਹੀਂ ਦੇਣਗੇ। ਸਵੇਰੇ ਤੋਂ ਚਰਚਾ ਸੀ ਕਿ ਬੀਰੇਨ ਸਿੰਘ ਅਸਤੀਫਾ ਦੇਣ ਜਾ ਰਹੇ ਹਨ। ਉਹ ਕਰੀਬ 20 ਵਿਧਾਇਕਾਂ ਨਾਲ 2 ਵੱਜ ਕੇ 20 ਮਿੰਟ 'ਤੇ ਗਵਰਨਰ ਨੂੰ ਮਿਲਣ ਲਈ ਨਿਕਲੇ, ਪਰ ਘਰੋਂ ਬਾਹਰ ਲੋਕਾਂ ਨੇ ਰੋਕ ਲੈਣ 'ਤੇ ਮੁੜ ਆਏ। ਕੁਝ ਸਮੇਂ ਬਾਅਦ ਪੀ ਡਬਲਿਊ ਡੀ ਮੰਤਰੀ ਦੀ ਅਗਵਾਈ ਵਿਚ ਕੁਝ ਮੰਤਰੀ ਲੋਕਾਂ ਨੂੰ ਸੰਬੋਧਨ ਕਰਨ ਆਏ ਤੇ ਸੁਸੀਨਦਰੋ ਮੈਤੇਈ ਨੇ ਉਹ ਅਸਤੀਫਾ ਪੜ੍ਹਿਆ, ਜਿਹੜਾ ਮੁੱਖ ਮੰਤਰੀ ਗਵਰਨਰ ਨੂੰ ਦੇਣ ਜਾ ਰਹੇ ਸਨ। ਫਿਰ ਉਨ੍ਹਾ ਅਸਤੀਫਾ ਕੁਝ ਮਹਿਲਾਵਾਂ ਹਵਾਲੇ ਕਰ ਦਿੱਤਾ, ਜਿਹੜਾ ਉਨ੍ਹਾਂ ਪਾੜ ਦਿੱਤਾ। ਇਸ ਤੋਂ ਬਾਅਦ ਮਨੀਪੁਰ ਸਰਕਾਰ ਦੇ ਤਰਜਮਾਨ ਦਾ ਬਿਆਨ ਆ ਗਿਆ ਕਿ ਬੀਰੇਨ ਸਿੰਘ ਅਸਤੀਫਾ ਨਹੀਂ ਦੇ ਰਹੇ। ਕੰਗਪੋਕਪੀ ਜ਼ਿਲ੍ਹੇ 'ਚ ਸੁਰੱਖਿਆ ਬਲਾਂ ਅਤੇ ਸ਼ੱਕੀ ਦੰਗਾਕਾਰੀਆਂ ਵਿਚਾਲੇ ਗੋਲੀਬਾਰੀ 'ਚ ਜ਼ਖਮੀ ਹੋਏ ਇੱਕ ਹੋਰ ਵਿਅਕਤੀ ਦੇ ਦਮ ਤੋੜ ਜਾਣ ਨਾਲ ਇਸ ਘਟਨਾ 'ਚ ਮਰਨ ਵਾਲਿਆਂ ਦੀ ਗਿਣਤੀ ਤਿੰਨ ਹੋ ਗਈ।

ਪੰਜਾਬੀ 'ਵਰਸਿਟੀ 'ਚ ਪ੍ਰਬੰਧਕੀ ਸੁਧਾਰਾਂ ਲਈ ਉੱਚ-ਪੱਧਰੀ ਮੀਟਿੰਗ

ਪਟਿਆਲਾ : ਪੰਜਾਬੀ ਯੂਨੀਵਰਸਿਟੀ ਦੀ ਵਿੱਤੀ ਸਥਿਤੀ ਸੰਬੰਧੀ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਵਿੱਤ ਸਕੱਤਰ ਗੁਰਪ੍ਰੀਤ ਕੌਰ ਨਾਲ 26 ਜੂਨ ਨੂੰ ਮੀਟਿੰਗ ਹੋਈ, ਜਿਸ 'ਚ ਯੂਨੀਵਰਸਿਟੀ ਵੱਲੋਂ ਵਾਈਸ ਚਾਂਸਲਰ ਪ੍ਰੋ. ਅਰਵਿੰਦ, ਡੀਨ ਅਕਾਦਮਿਕ ਮਾਮਲੇ ਪ੍ਰੋ. ਅਸ਼ੋਕ ਕੁਮਾਰ ਤਿਵਾੜੀ, ਰਜਿਸਟਰਾਰ ਪ੍ਰੋ. ਨਵਜੋਤ ਕੌਰ ਅਤੇ ਵਿੱਤ ਅਫਸਰ ਡਾ. ਪ੍ਰਮੋਦ ਅਗਰਵਾਲ ਨੇ ਹਿੱਸਾ ਲਿਆ। ਸਰਕਾਰ ਨੇ ਯੂਨੀਵਰਸਿਟੀ ਤੋਂ ਸਮੁੱਚੇ ਮੁਲਾਜ਼ਮਾਂ ਦੀ ਤਫਸੀਲ ਮੰਗੀ ਸੀ। ਚਰਚਾ ਦੌਰਾਨ ਯੂਨੀਵਰਸਿਟੀ ਦੇ ਖਰਚੇ ਨੂੰ ਘਟਾਉਣ ਲਈ ਵਿਚਾਰ ਕੀਤਾ ਗਿਆ ਕਿ ਯੂਨੀਵਰਸਿਟੀ 'ਚ ਮੁਲਾਜ਼ਮਾਂ ਦੀ ਰੈਸ਼ਨੇਲਾਈਜ਼ੇਸ਼ਨ ਕਿਵੇਂ ਕੀਤੀ ਜਾ ਸਕਦੀ ਹੈ? ਅਗਰ ਕਿਤੇ ਵਾਧੂ ਮੁਲਾਜ਼ਮ ਪਾਏ ਜਾਂਦੇ ਹਨ ਤਾਂ ਉਨ੍ਹਾਂ ਦੀ ਨਿਸ਼ਾਨਦੇਹੀ ਉਪਰੰਤ ਉਨ੍ਹਾਂ ਨੂੰ ਯੂਨੀਵਰਸਿਟੀ 'ਚ ਹੋਰ ਕੰਮਾਂ ਲਈ ਤਾਇਨਾਤ ਜਾਂ ਪੰਜਾਬ ਸਰਕਾਰ ਦੇ ਕਿਸੇ ਹੋਰ ਅਦਾਰੇ 'ਚ ਤਬਦੀਲ ਕਰਨ ਦੀ ਤਜਵੀਜ਼ ਉੱਪਰ ਵੀ ਵਿਚਾਰ ਕੀਤਾ ਗਿਆ। ਇਸ ਸੰਬੰਧ 'ਚ ਯੂਨੀਵਰਸਿਟੀ ਪੋਸਟਾਂ ਅਤੇ ਮੁਲਾਜ਼ਮਾਂ ਬਾਰੇ ਵਿਸਤਰਿਤ ਰਿਪੋਰਟ ਤਿਆਰ ਕਰੇਗੀ। ਰਜਿਸਟਰਾਰ ਪ੍ਰੋ. ਨਵਜੋਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਦੀ ਲੋਅ 'ਚ ਯੂਨੀਵਰਸਿਟੀ ਵੱਲੋਂ ਅਗਲੀ ਕਾਰਵਾਈ ਕੀਤੀ ਜਾਵੇਗੀ। ਇਸ ਕਦਮ ਦਾ ਮਕਸਦ ਜਿੱਥੇ ਯੂਨੀਵਰਸਿਟੀ ਦੇ ਵਿੱਤੀ ਬੋਝ ਨੂੰ ਘੱਟ ਕਰਨਾ ਹੈ, ਉੱਥੇ ਸਰਕਾਰ ਦੇ ਹੋਰ ਜਨਤਕ ਅਦਾਰਿਆਂ ਦੀਆਂ ਸੇਵਾਵਾਂ 'ਚ ਲੋੜੀਂਦੇ ਅਮਲੇ ਦੀ ਪੂਰਤੀ ਕਰਨਾ ਹੈ।

ਇਸ ਪ੍ਰਕਿਰਿਆ ਦੌਰਾਨ ਮੁਲਾਜ਼ਮਾਂ ਦੇ ਹਿੱਤਾਂ ਦਾ ਧਿਆਨ ਰੱਖਿਆ ਜਾਵੇਗਾ। ਪ੍ਰੋ. ਅਰਵਿੰਦ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਹਦਾਇਤ ਅਤੇ ਮੁਲਾਜ਼ਮਾਂ ਦੇ ਹਿੱਤਾਂ ਦਾ ਧਿਆਨ ਰੱਖਦੇ ਹੋਏ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ। ਵਿੱਤ ਮੰਤਰੀ ਚੀਮਾ ਨੇ ਅੰਡਰ-ਗਰੈਜੂਏਟ ਕੋਰਸਾਂ ਦੇ ਦਾਖਲੇ 'ਚ ਹੋਏ ਵਾਧੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਨੂੰ ਹਰ ਪੱਖੋਂ ਬਿਹਤਰ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ, ਜਿਸ 'ਚ ਪ੍ਰਬੰਧਕੀ ਸੁਧਾਰ ਅਹਿਮ ਹਨ। ਜ਼ਿਕਰਯੋਗ ਹੈ ਕਿ ਚਾਲੂ ਮਾਲੀ ਸਾਲ ਵਿਚ ਪੰਜਾਬੀ ਯੂਨੀਵਰਸਿਟੀ ਨੂੰ 30 ਕਰੋੜ ਮਹੀਨਾਵਾਰ ਗ੍ਰਾਂਟ ਜਾਰੀ ਕਰ ਕੇ ਸਰਕਾਰ ਨੇ ਵੱਡਾ ਕਦਮ ਚੁੱਕਿਆ ਹੈ।

ਸਰਪੰਚ ਦੇ ਪਤੀ ਖਿਲਾਫ਼ ਨਾਭਾ 'ਚ ਵੱਡਾ ਰੋਸ ਪ੍ਰਦਰਸ਼ਨ

ਨਾਭਾ (ਵਰਿੰਦਰ ਵਰਮਾ)

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ 'ਤੇ ਬੀਤੀ 24 ਜੂਨ ਨੂੰ ਨੇੜਲੇ ਪਿੰਡ ਦੇ ਗੁਰਦੁਆਰੇ ਅੰਦਰ ਧਰਮਿੰਦਰ ਸਿੰਘ ਤੇ ਬੇਅੰਤ ਸਿੰਘ ਨੇ ਕੁੱਟਮਾਰ ਕੀਤੀ ਅਤੇ ਗੁਰਦਵਾਰੇ ਦੇ ਅੰਦਰ ਪਟਕਾ ਲਾਹ ਕੇ ਕੇਸਾਂ ਦੀ ਬੇਅਦਬੀ ਕੀਤੀ। ਧਰਮਿੰਦਰ ਸਿੰਘ ਵੱਲੋਂ ਬੋਲੇ ਜਾਤੀ ਸੂਚਕ ਸ਼ਬਦਾਂ ਖਿਲਾਫ ਪਰਚਾ ਦਰਜ ਕਰਵਾਉਣ ਨੂੰ ਲੈ ਕੇ ਸ਼ੁੱਕਰਵਾਰ ਮਜ਼ਦੂਰ ਜਮਾਤ ਦੀ ਕਮੇਟੀ ਦੇ ਸੱਦੇ 'ਤੇ ਨਾਭਾ ਵਿਖੇ ਹਜ਼ਾਰਾਂ ਮਜ਼ਦੂਰਾਂ ਦਾ ਇਕੱਠ ਹੋਇਆ।

ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਏਟਕ ਦੇ ਸੂਬਾ ਪ੍ਰਧਾਨ ਬੰਤ ਸਿੰਘ ਬਰਾੜ, ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ, ਸੀ ਪੀ ਆਈ ਦੇ ਕੌਮੀ ਆਗੂ ਤੇ ਸਾਬਕਾ ਐੱਮ ਐੱਲ ਏ ਹਰਦੇਵ ਅਰਸ਼ੀ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾਈ ਸਲਾਹਕਾਰ ਜਗਰੂਪ, ਨਰਿੰਦਰ ਕੌਰ ਸੋਹਲ, ਸੁਖਦੇਵ ਸ਼ਰਮਾ, ਮਜ਼ਦੂਰ ਜਥਬਰ ਵਿਰੋਧੀ ਐਕਸ਼ਨ ਕਮੇਟੀ ਦੇ ਆਗੂ ਗੁਰਮੀਤ ਸਿੰਘ ਕਾਲਾਝਾੜ, ਗੁਰਮੀਤ ਸਿੰਘ ਬੂਹੀ ਤੇ ਕ੍ਰਿਸ਼ਨ ਸਿੰਘ ਨੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਧਰਮਿੰਦਰ ਸਿੰਘ, ਬੇਅੰਤ ਸਿੰਘ ਤੇ ਬੰਤ ਸਿੰਘ 'ਤੇ ਪਰਚੇ ਦਰਜ ਨਹੀਂ ਹੁੰਦੇ ਅਤੇ ਧਰਮਿੰਦਰ ਸਿੰਘ ਵੱਲੋਂ ਜਾਤੀ ਸੂਚਕ ਸ਼ਬਦ ਦੇ ਆਧਾਰ 'ਤੇ ਐੱਸ ਸੀ/ਐੱਸ ਟੀ ਐਕਟ ਅਧੀਨ ਧਰਾਵਾਂ ਲਾ ਕੇ ਗ੍ਰਿਫਤਾਰ ਨਹੀਂ ਕੀਤਾ ਜਾਂਦਾ ਤਾਂ ਅਸੀਂ ਇਸ ਅੰਦੋਲਨ ਨੂੰ ਹੋਰ ਤਿੱਖਾ ਕਰਾਂਗੇ। ਉਪਰੋਕਤ ਬੁਲਾਰਿਆਂ ਨੇ ਹਲਕਾ ਨਾਭਾ ਦੇ ਐੱਮ ਐੱਲ ਏ ਗੁਰਦੇਵ ਸਿੰਘ ਦੇਵ ਮਾਨ ਨੂੰ ਆੜੇ ਹੱਥੀਂ ਲੈਂਦਿਆ ਕਿਹਾ ਕਿ ਦੇਵ ਮਾਨ ਇਹਨਾਂ ਦੀ ਮਦਦ ਕਰਨੀ ਬੰਦ ਕਰੇ, ਧਰਮਿੰਦਰ ਸਿੰਘ 'ਤੇ ਪਹਿਲਾਂ ਹੀ ਸੰਗੀਨ ਧਰਾਵਾਂ ਅਧੀਨ ਪਰਚੇ ਹਨ, ਪਰ ਦੇਵ ਮਾਨ ਇਹੋ ਜਿਹੇ ਆਦਮੀ ਨੂੰ ਨਾਲ ਰੱਖ ਕੇ ਕੀ ਸਾਬਤ ਕਰਨਾ ਚਾਹੁੰਦਾ ਹੈ।

ਐਕਸ਼ਨ ਕਮੇਟੀ ਦੇ ਆਗੂਆਂ ਨੇ ਐੱਮ ਐੱਲ ਏ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਅਜਿਹੇ ਬੰਦਿਆਂ ਦੀ ਮਦਦ ਕਰਨੀ ਬੰਦ ਨਾ ਕੀਤੀ ਤਾਂ ਆਉਣ ਵਾਲੇ ਦਿਨਾਂ 'ਚ ਪਿੰਡ-ਪਿੰਡ ਕਾਲੀਆਂ ਝੰਡੀਆਂ ਨਾਲ ਵਿਰੋਧ ਕੀਤਾ ਜਾਵੇਗਾ। ਪ੍ਰਦਰਸ਼ਨਕਾਰੀਆਂ ਨੇ ਐੱਸ ਡੀ ਐਮ ਨਾਭਾ ਤੇ ਡੀ ਐੱਸ ਪੀ ਨਾਭਾ ਨੂੰ ਮੰਗ ਪੱਤਰ ਦਿੱਤਾ।

ਉਨ੍ਹਾਂ ਵੱਲੋਂ ਭਰੋਸਾ ਦਿੱਤਾ ਗਿਆ ਕਿ ਇੱਕ-ਦੋ ਦਿਨਾਂ ਵਿੱਚ ਬਣਦੀਆਂ ਧਰਾਵਾਂ ਲਾ ਕੇ ਪਰਚਾ ਦਰਜ ਕਰ ਲਿਆ ਜਾਵੇਗਾ।

ਇਕੱਠ ਨੂੰ ਸੰਬੋਧਨ ਕਰਦਿਆਂ ਮੁਕੇਸ਼ ਮਲੌਦ, ਨਛੱਤਰ ਸਿੰਘ ਗੁਰਦਿੱਤਪੁਰਾ, ਹਰਦੀਪ ਕੌਰ, ਕੁਲਦੀਪ ਸਿੰਘ ਭੋਲਾ, ਹੰਸ ਰਾਜ ਗੋਲਡਨ, ਸੁਰਿੰਦਰ ਢੰਡੀਆਂ, ਕੁਲਵੰਤ ਸਿੰਘ ਮੌਲਵੀਵਾਲਾ, ਵਰਿੰਦਰ ਖੁਰਾਣਾ ਗੁਰਮੀਤ ਸਿੰਘ ਛੱਜੂ ਭੱਟ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਆਗੂ ਬੋਹੜ ਸਿੰਘ ਸੁਖਨਾ, ਬਲਬੀਰ ਸਿੰਘ ਔਲਖ, ਖੁਸ਼ੀਆ ਸਿੰਘ ਬਰਨਾਲਾ ਤੇ ਦਰਜਨਾਂ ਆਗੂਆਂ ਨੇ ਵੀ ਸੰਬੋਧਨ ਕੀਤਾ।

ਮੈਟ੍ਰਿਕ ਪੰਜਾਬੀ ਵਾਧੂ

1-JULY-PAGE-1.qxd 6/30/2023 9:57 PM Page 2

ਸੀਵਰੇਜ ਦੀਆਂ ਮੋਟਰਾਂ ਠੀਕ ਕਰਨ ਦੌਰਾਨ ਕਰੰਟ ਲੱਗਣ ਨਾਲ ਜ਼ਖਮੀ ਹੋਏ ਨਗਰ ਕੌਂਸਲ ਦੇ ਪੰਪ ਆਪ੍ਰੇਟਰ ਰੇਸ਼ਮ ਸਿੰਘ ਦਾ ਸੀ ਐੱਮ ਸੀ ਹਸਪਤਾਲ ਲੁਧਿਆਣਾ ਵਿਖੇ ਹਾਲ-ਚਾਲ ਪੁੱਛਦੇ ਹੋਏ ਸਾਬਕਾ ਪ੍ਰਧਾਨ ਸੁਨੀਲ ਬਿੱਟਾ ਤੇ ਸੁਰਜੀਤ ਸਿੰਘ ਸਾਬਕਾ ਮੀਤ ਪ੍ਰਧਾਨ ਨਗਰ ਕੌਂਸਲ ਰਾਮਪੁਰਾ ਫੂਲ। (ਫੋਟੋ ਤੇ ਵੇਰਵਾ : ਦਰਸ਼ਨ ਜਿੰਦਲ, ਰਾਮਪੁਰਾ ਫੂਲ)

ਮੋਗਾ ਬੱਸ ਸਟੈਂਡ 'ਤੇ ਖਾਲਿਸਤਾਨ ਪੱਖੀ ਨਾਅਰੇ ਲਿਖਣ ਵਾਲੇ ਕਾਬੂ

ਮੋਗਾ (ਅਮਰਜੀਤ ਬੱਬਰੀ)

ਮੋਗਾ ਵਿਖੇ ਪਿਛਲੇ ਦਿਨੀਂ ਮੋਗਾ ਦੇ ਬੱਸ ਸਟ ਸਟੈਂਡ ਦੇ ਕਾਊਂਟਰ ਅਤੇ ਇਕ ਕੰਧ 'ਤੇ ਖਾਲਿਸਤਾਨ ਪੱਖੀ ਨਾਅਰੇ ਲਿਖੇ ਜਾਣ ਤੋਂ ਬਾਅਦ ਮੋਗਾ ਪੁਲਸ ਵੱਲੋਂ ਲਗਾਤਾਰ ਕੀਤੀ ਜਾ ਰਹੀ ਭਾਲ ਦੌਰਾਨ ਮੋਗਾ ਪੁਲਸ ਨੂੰ ਦੋ ਮੁਜਰਮ ਕਾਬੂ ਕਰਨ ਵਿਚ ਕਾਮਯਾਬੀ ਹਾਸਲ ਹੋਈ ਹੈ। ਅੱਜ ਮੋਗਾ ਪੁਲਸ ਮੁਖੀ ਨੇ ਪ੍ਰੈਸ ਕਾਨਫਰੰਸ ਮੌਕੇ ਦੱਸਿਆ ਕਿ ਬੀਤੇ ਦਿਨੀਂ ਮੋਗਾ ਬੱਸ ਸਟੈਂਡ ਦੇ ਟਿਕਟ ਕਾਊਂਟਰ ਉੱਤੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਿਖੇ ਗਏ ਸਨ ਅਤੇ ਹੁਣ ਮੋਗਾ ਪੁਲਸ ਨੇ ਇਨ੍ਹਾਂ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਹੈ, ਜਿਨ੍ਹਾਂ ਨੇ ਕੁਝ ਪੈਸਿਆਂ ਦੀ ਖਾਤਰ ਇਸ ਘਟਨਾ ਨੂੰ ਅੰਜਾਮ ਦਿੱਤਾ ਸੀ । ਮਾਮਲੇ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪੁਲਸ ਮੁਖੀ ਜੇ.ਇਲਨਚੇਲੀਅਨ ਨੇ ਦੱਸਿਆ ਕਿ ਪੂਰੇ ਮਾਮਲੇ ਵਿਚ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਉਨ੍ਹਾ ਦੱਸਿਆ ਕਿ ਨਾਮਾਲੂਮ ਵਿਅਕਤੀਆਂ ਵੱਲੋਂ ਬੱਸ ਸਟੈਂਡ ਮੋਗਾ ਦੇ ਨੇੜੇ ਦੀ ਕੰਧ ਅਤੇ ਟਿਕਟ ਕਾਊਂਟਰ ਉੱਤੇ ਜੋ ਨਾਅਰੇ ਲਿਖੇ ਸਨ, ਉਸ ਮੁਕੱਦਮੇ

ਮੁਜ਼ਰਮਾਂ ਬਾਰੇ ਜਾਣਕਾਰੀ ਦਿੰਦੇ ਹੋਏ ਐਸ ਐਸ ਪੀ ਮੋਗਾ।

'ਚ ਦਲਜੀਤ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਚੂਹੜਚੱਕ ਅਤੇ ਪ੍ਰਿਤਪਾਲ ਪੁੱਤਰ ਸੁਖਚੈਨ ਸਿੰਘ ਵਾਸੀ ਘੋਲੀਆਂ ਖੁਰਦ ਜ਼ਿਲ੍ਹਾ ਮੋਗਾ ਦੀ ਪਹਿਚਾਣ ਕਰਕੇ ਬਤੌਰ ਦੋਸ਼ੀ ਨਾਮਜ਼ਦ ਕੀਤਾ ਗਿਆ ਸੀ । ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਮੁਕੱਦਮੇ ਦੀ ਤਫਤੀਸ਼ ਦੌਰਾਨ ਹੀ ਇਹ ਗੱਲ ਸਾਹਮਣੇ ਆਈ ਸੀ ਕਿ ਉਕਤ ਦੋਸ਼ੀ ਖਾਲਿਸਤਾਨ ਪੱਖੀ ਵਿਦੇਸ਼ੀ ਤਾਕਤਾਂ ਦੇ ਸੰਪਰਕ ਵਿਚ ਹਨ ਅਤੇ ਦੋਸਸ਼ੀ ਭਵਿੱਖ ਵਿੱਚ ਪੰਜਾਬ ਦੀ ਅਮਨ ਕਾਨੂੰਨ ਦੀ ਵਿਵਸਥਾ ਨੂੰ ਖਰਾਬ ਕਰ ਸਕਦੇ ਸਨ। ਪੁਲਸ ਅਧਿਕਾਰੀ ਨੇ ਦੱਸਿਆ ਕਿ ਮੁਕੱਦਮੇ ਵਿੱਚ ਇਨ੍ਹਾਂ ਦੋਸ਼ੀਆਂ ਖਿਲਾਫ ਕਾਰਵਾਈ ਕਰਦਿਆਂ ਪੜਤਾਲ ਵਿਚ ਸਾਹਮਣੇ ਆਇਆ ਕਿ ਵਾਰਦਾਤ ਤੋਂ ਕੁਝ ਕੁ ਪਹਿਲਾਂ ਹੀ ਕਿਸੇ ਵਿਦੇਸ਼ੀ ਨੰਬਰ ਤੋਂ ਇਨ੍ਹਾਂ ਨੌਜਵਾਨਾਂ ਨੇ ਗੱਲ ਕੀਤੀ ਸੀ ਅਤੇ 80 ਹਜ਼ਾਰ ਰੁਪਏ ਦੇ ਲਾਲਚ ਵਿਚ ਇਨ੍ਹਾਂ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ। ਐਸ ਐਸ ਪੀ ਮੋਗਾ ਵੱਲੋਂ ਸਿਟੀ ਮੋਗਾ ਦੀਆਂ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਅਤੇ ਦੋਸ਼ੀਆਂ ਦੀ ਭਾਲ ਸ਼ੁਰੂ ਕੀਤੀ ਗਈ। ਦੋਸ਼ੀ ਦਲਜੀਤ ਸਿੰਘ ਤੇ ਪ੍ਰਿਤਪਾਲ ਸਿੰਘ ਨੂੰ ਫੜਨ ਲਈ ਇਕ ਸਪੈਸ਼ਲ ਟੀਮ ਗਠਿਤ ਕੀਤੀ ਗਈ ਜੋ ਨਾਂਦੇੜ ਸਾਹਿਬ ਮਹਾਰਾਸ਼ਟਰ ਤੋਂ ਇਨ੍ਹਾਂ ਨੂੰ ਕਾਬੂ ਕਰ ਕੇ ਲਿਆਈ ਹੈ। ਫਿਲਹਾਲ ਦਲਜੀਤ ਸਿੰਘ ਅਤੇ ਪ੍ਰਿਤਪਾਲ ਸਿੰਘ ਨੂੰ ਅਦਾਲਤ ਵਿੱਚ ਪੇਸ਼ ਕਰਕੇ 3 ਦਿਨ ਦਾ ਰਿਮਾਂਡ ਪ੍ਰਾਪਤ ਕੀਤਾ ਗਿਆ ਹੈ ਅਤੇ ਦੋਸ਼ੀਆਂ ਪਾਸੋਂ ਪੁੱਛਗਿੱਛ ਜਾਰੀ ਹੈ।

ਕਿਸਾਨ, ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਮੱਕੀ ਤੇ ਮੂੰਗੀ ਦੀ ਫਸਲ ਐੱਮ ਐੱਸ ਪੀ 'ਤੇ ਖ਼ਰੀਦਣ ਦੀ ਮੰਗ

ਜ਼ੀਰਾ (ਨਰਿੰਦਰ ਅਨੇਜਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਗੁਰਦੁਆਰਾ ਸੀਹਣੀ ਸਾਹਿਬ ਮੇਹਰ ਸਿੰਘ ਵਾਲਾ ਹਲਕਾ ਜ਼ੀਰਾ ਵਿਖੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਤੇ ਜ਼ਿਲ੍ਹਾ ਸਕੱਤਰ ਗੁਰਮੇਲ ਸਿੰਘ ਫਤਿਹਵਾਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸੂਬਾ ਜਨਰਲ ਸਕੱਤਰ ਰਣਬੀਰ ਸਿੰਘ ਠੱਠਾ ਮੀਤ ਪ੍ਰਧਾਨ ਜਸਬੀਰ ਸਿੰਘ ਪਿੰਦੀ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਜੋ ਫਸਲਾਂ ਦਾ ਬਦਲ ਮੱਕੀ ਤੇ ਮੂੰਗੀ ਦੀ ਫਸਲ ਐੱਮ.ਐੱਸ.ਪੀ. 'ਤੇ ਖਰੀਦ ਕਰਨ ਦੇ ਦਾਅਵੇ ਕਰਦੀ ਸੀ, ਉਸ ਤੋਂ ਭੱਜ ਚੁੱਕੀ ਹੈ। ਕਿਸਾਨਾਂ ਦੀ ਮੱਕੀ ਤੇ ਮੂੰਗੀ ਦੀ ਫਸਲ ਮੰਡੀਆਂ ਵਿੱਚ ਰੁਲ ਰਹੀ ਹੈ। ਵਪਾਰੀ ਕਿਸਾਨ ਦੀ ਲੁੱਟ ਕਰ ਰਹੇ ਹ, ਜਦ ਕਿ ਜੋ ਮੱਕੀ ਦੀ ਐੱਮ ਐੱਸ ਪੀ ਕੇਦਰ ਸਰਕਾਰ ਵੱਲੋਂ 2050 ਤੈਅ ਕੀਤੀ ਹੈ, ਪਰ 700 ਤੋਂ 800 'ਤੇ ਖਰੀਦ ਰਹੇ ਹਨ। ਇਸੇ ਤਰ੍ਹਾਂ ਮੂੰਗੀ ਦੀ ਐੱਮ.ਐੱਸ.ਪੀ 7755 ਤੈਅ ਹੈ, ਪਰ 6000 ਰੁਪਏ 'ਚ ਖਰੀਦ ਹੋ ਰਹੀ ਹੈ। ਸਾਡੀ ਮੰਗ ਹੈ ਕਿ ਪੰਜਾਬ ਸਰਕਾਰ ਮੱਕੀ ਤੇ ਮੂੰਗੀ ਦੀ ਫਸਲ ਵਾਅਦੇ ਮੁਤਾਬਕ ਐੱਮ ਐੱਸ ਪੀ 'ਤੇ ਖਰੀਦ ਦੀ ਕਿਸਾਨਾਂ ਨਾਲ ਗਰੰਟੀ ਕਰੇ, ਤਾਂ ਜੋ ਕਿਸਾਨ ਖੱਜਲ-ਖੁਆਰੀ ਤੋਂ ਬਚ ਸਕਣ। ਕਿਸਾਨ ਜਥੇਬੰਦੀ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਸੁਖਵੰਤ ਸਿੰਘ ਲੋਹਕਾਂ ਨੇ ਕਿਹਾ ਕਿ ਪੰਜਾਬ ਸਰਕਾਰ ਅਬਾਦਕਾਰ ਕਿਸਾਨਾਂ ਤੋਂ ਧੱਕੇ ਨਾਲ ਜ਼ਮੀਨਾਂ ਖੋਹ ਰਹੀ ਹੈ। ਪੰਜਾਬ ਸਰਕਾਰ ਜੇਕਰ ਕਿਸਾਨਾਂ ਤੋਂ ਜ਼ਮੀਨਾਂ ਖੋਹਣ ਤੋਂ ਪਿੱਛੇ ਨਹੀਂ ਹਟਦੀ ਤਾਂ ਜਥੇਬੰਦੀ ਐਮਰਜੈਂਸੀ ਵਿੱਚ ਤਿੱਖੇ ਐਕਸ਼ਨ ਦਾ ਐਲਾਨ ਕਰੇਗੀ। ਜਥੇਬੰਦੀ ਵੱਲੋਂ 15 ਜੁਲਾਈ ਨੂੰ ਡੀ ਸੀ ਦਫਤਰਾਂ ਅੱਗੇ ਪੰਜਾਬ ਪੱਧਰੀ 1 ਰੋਜ਼ਾ ਮੋਰਚੇ ਲਗਾਏ ਜਾਣਗੇ। ਇਸ ਮੌਕੇ ਰਛਪਾਲ ਸਿੰਘ ਸਿੰਘ ਗੱਟਾ ਬਾਦਸ਼ਾਹ, ਸੁਰਜੀਤ ਸਿੰਘ ਫੌਜੀ, ਬਲਰਾਜ ਸਿੰਘ ਫੇਰੋਕੇ, ਮੱਖਣ ਸਿੰਘ ਤਲਵੰਡੀ, ਖਿਲਾਰਾ ਸਿੰਘ, ਬਚਿੱਤਰ ਸਿੰਘ, ਮੇਜਰ ਸਿੰਘ, ਬੂਟਾ ਸਿੰਘ, ਬਲਕਾਰ ਸਿੰਘ, ਮਹਿਤਾਬ ਸਿੰਘ ਤੇ ਜੋਗਾ ਸਿੰਘ ਆਦਿ ਮੀਟਿੰਗ ਵਿੱਚ ਸ਼ਾਮਲ ਸਨ।

ਕਿਸਾਨ -ਮਜ਼ਦੂਰ ਸੰਘਰਸ਼ ਕਮੇਟੀ ਦੇ ਅਹੁਦੇਦਾਰ ਮੀਟਿੰਗ 'ਚ ਭਾਗ ਲੈਂਦੇ ਹੋਏ।

ਮਦੀਨਾ ਮਸਜਿਦ 'ਚ ਈਦ ਦੀ ਨਮਾਜ਼ ਅਦਾ ਕੀਤੀ

ਰਾਜਪੁਰਾ (ਰਮੇਸ਼ ਕਟਾਰੀਆ)-ਹਲਕਾ ਰਾਜਪੁਰਾ ਦੀ ਮਦੀਨਾ ਮਸਜਿਦ ਗੁਰੂ ਨਾਨਕ ਨਗਰ ਵਿੱਚ ਕਾਰੀ ਮੁਹੰਮਦ ਅਫਵਾਜ਼ ਦੁਆਰਾ ਈਦ-ਉੱਲ-ਜੁੱਹਾ (ਬਕਰੀਦ) ਦੀ ਨਮਾਜ ਅਦਾ ਕਰਵਾਈ ਗਈ। ਇਸ ਮੌਕੇ ਮਦੀਨਾ ਮਸਜਿਦ ਦੇ ਪ੍ਰਧਾਨ ਤੇ ਆਮ ਆਦਮੀ ਪਾਰਟੀ ਮਨਿਓਰਿਟੀ ਵਿੰਗ ਜ਼ਿਲ੍ਹਾ ਪ੍ਰਧਾਨ ਇਸਲਾਮ ਅਲੀ ਨੇ ਦੇਸ ਵਿਦੇਸ਼ 'ਚ ਵੱਸਦੇ ਸਮੁੱਚੇ ਵਾਸੀਆਂ ਤੇ ਮੁਸਲਮਾਨ ਭਾਈਚਾਰੇ ਨੂੰ ਈਦ-ਉੱਲ-ਜੁੱਹਾ ਦੀ ਮੁਬਾਰਕਬਾਦ ਦਿੱਤੀ। ਇਸ ਮੌਕੇ ਕਮੇਟੀ ਮੈਂਬਰ ਵਕੀਲ ਖਾਂ, ਫਿਰੋਜ਼ ਖਾਨ, ਨਸੀਬ ਅਲੀ, ਅਵਤਾਰ ਅਲੀ, ਇਮਰਾਨ ਮਹੁੰਮਦ, ਹੁਸੈਨ ਮੁਹੰਮਦ, ਮੁਖਤਿਆਰ ਮੁਹੰਮਦ, ਗੁਲਜਾਰ ਮੁਹੰਮਦ ਸ਼ਾਮਲ ਸਨ।

ਬਲਜੀਤ ਸਿੰਘ ਨੂੰ ਸੇਵਾ-ਮੁਕਤੀ 'ਤੇ ਨਿੱਘੀ ਵਿਦਾਇਗੀ

ਜਗਰਾਓਂ (ਅਮਿਤ ਖੰਨਾ)-ਸਰਕਾਰੀ ਮਿਡਲ ਸਕੂਲ ਗੁਰੂਸਰ ਕਾਉਂਕੇ ਵਿਖੇ ਮਾਸਟਰ ਸ੍ਰ. ਬਲਜੀਤ ਸਿੰਘ ਦੀ ਸੇਵਾਮੁਕਤ ਦੌਰਾਨ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੇ ਸਟਾਫ ਵੱਲੋਂ ਇਕ ਸਮਾਰੋਹ ਕਰਵਾ ਕੇ ਨਿੱਘੀ ਵਿਦਾਇਗੀ ਦਿੱਤੀ ਗਈ। ਸ੍ਰ. ਬਲਜੀਤ ਸਿੰਘ ਆਪਣੀ 29 ਸਾਲ ਦੀ ਬੇਦਾਗ ਸੇਵਾ ਪੂਰੀ ਕਰਦੇ ਹੋਏ ਸਮੂਹ ਸਟਾਫ ਤੇ ਵਿਦਿਆਰਥੀਆਂ ਤੋਂ ਵਿਦਾਇਗੀ ਲੈਂਦੇ ਹੋਏ ਮਾਣ ਮਹਿਸੂਸ ਕਰਦੇ ਹਨ। ਇਨ੍ਹਾਂ ਨੇ ਆਪਣੀ ਹਰ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਇਆ। ਇਨ੍ਹਾਂ ਦੀ ਸ਼ਖਸੀਅਤ ਰੂਪੀ ਗੁਣਾਂ ਦੀ ਮਹਿਕ ਹਮੇਸ਼ਾ ਇਸ ਸੰਸਥਾ ਨੂੰ ਮਹਿਕਾਉਂਦੀ ਰਹੇਗੀ। ਸ੍ਰ. ਬਲਜੀਤ ਸਿੰਘ ਆਪਣੇ ਪਰਿਵਾਰਕ ਮੈਂਬਰਾਂ ਸਮੇਤ ਇਸ ਸਮਾਰੋਹ ਵਿੱਚ ਸ਼ਾਮਲ ਹੋਏ। ਸਕੂਲ ਦੇ ਸਟਾਫ ਮੈਂਬਰਾਂ ਨੇ ਵੀ ਸ੍ਰ. ਬਲਜੀਤ ਸਿੰਘ ਨਾਲ ਆਪਣੇ ਬਿਤਾਏ ਪਲਾਂ ਨੂੰ ਸਾਂਝਾ ਕੀਤਾ ਤੇ ਭਾਵੁਕ ਹੋਏ। ਆਪਣੇ ਵਿਦਾਇਗੀ ਸਮਾਰੋਹ 'ਤੇ ਸ੍ਰ. ਬਲਜੀਤ ਸਿੰਘ ਨੇ ਭਾਵੁਕ ਹੋ ਕੇ ਕਿਹਾ ਕਿ ਉਨ੍ਹਾਂ ਨੂੰ ਇਸ ਸਕੂਲ ਵੱਲੋਂ ਪਰਿਵਾਰ ਦੀ ਤਰ੍ਹਾਂ ਜੋ ਪਿਆਰ ਤੇ ਇੱਜ਼ਤ ਮਿਲੀ, ਉਹ ਕਦੇ ਵੀ ਨਹੀਂ ਭੁੱਲ ਸਕਦੇ। ਉਨ੍ਹਾਂ ਸਕੂਲ ਦੇ ਸਾਰੇ ਸਟਾਫ ਦੀ ਇੱਕਜੁੱਟ ਹੋ ਕੇ ਕੰਮ ਕਰਨ ਦੀ ਸ਼ਲਾਘਾ ਕੀਤੀ ਤੇ ਅੱਗੇ ਵੀ ਇਸੇ ਤਰ੍ਹਾਂ ਬਰਕਰਾਰ ਰੱਖਣ ਦੀ ਕਾਮਨਾ ਕੀਤੀ। ਸਕੂਲ ਪ੍ਰਿੰਸੀਪਲ ਸ੍ਰੀਮਤੀ ਪੂਜਾ ਵਰਮਾ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਸਨਮਾਨ ਪੱਤਰ, ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਅਤੇ ਲੰਮੀ ਉਮਰ ਤੇ ਤੰਦਰੁਸਤੀ ਦੀ ਕਾਮਨਾ ਕੀਤੀ। ਇਸ ਮੌਕੇ ਪ੍ਰਿੰਸੀਪਲ ਸ੍ਰੀਮਤੀ ਪੂਜਾ ਵਰਮਾ, ਸ੍ਰ. ਜਰਨੈਲ ਸਿੰਘ, ਸ੍ਰ. ਹਰਸਿਮਰਤ ਸਿੰਘ, ਮੈਡਮ ਰਜਨੀ ਤੇ ਸਮੂਹ ਸਟਾਫ ਹਾਜ਼ਰ ਸੀ।

ਹੱਕ-ਸੱਚ ਦੀ ਅਵਾਜ਼ ਦੇ ਸੂਰਬੀਰ ਯੋਧੇ ਸਨ ਸੂਬਾ ਪ੍ਰਧਾਨ ਠਾਕੁਰ ਸਿੰਘ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਇਮਾਨਦਾਰੀ ਦੀ ਮਿਸਾਲ ਤੇ ਹੱਕ ਸੱਚ ਦੀ ਅਵਾਜ਼ ਬਣਨ ਵਾਲੇ ਠਾਕੁਰ ਸਿੰਘ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਦੇ ਸੂਰਬੀਰ ਯੋਧੇ ਸਨ ਜਿਨ੍ਹਾਂ ਨੇ ਬਾਦਲੀਲ ਆਪਣੀ ਗੱਲ ਕਹਿ ਕੇ ਹਾਕਮ ਧਿਰ ਪਾਸੋਂ ਹਮੇਸ਼ਾ ਮੰਗਾਂ ਮਨਾਉਣ ਲਈ ਸਿਰਤੋੜ ਯਤਨ ਕਰਦੇ ਸਨ। ਇਹ ਗੱਲ ਪੰਜਾਬ ਦੇ ਸੂਬਾ ਕਾਰਜਕਾਰੀ ਪ੍ਰਧਾਨ ਭਜਨ ਸਿੰਘ ਗਿੱਲ ਨੇ ਇਥੇ ਬਾਬਾ ਮੋਤੀ ਰਾਮ ਮਹਿਰਾ ਗੁਰਦੁਆਰਾ ਸਾਹਿਬ ਵਿਖੇ ਸਵ ਠਾਕੁਰ ਸਿੰਘ ਪ੍ਰਧਾਨ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਅੰਤਿਮ ਅਰਦਾਸ ਸਮੇਂ ਭਾਰੀ ਇਕੱਠ 'ਚ ਸ਼ਰਧਾਂਜਲੀ ਦੇਣ ਸਮੇਂ ਆਪਣੇ ਸੰਬੋਧਨ ਵਿੱਚ ਕਹੀ। ਉਨ੍ਹਾ ਕਿਹਾ ਕਿ ਠਾਕੁਰ ਸਿੰਘ ਦੇ ਚਲੇ ਜਾਣ ਕਾਰਨ ਪੰਜਾਬ ਦੀਆਂ ਪੈਨਸ਼ਨਰਜ਼ ਤੇ ਮੁਲਾਜ਼ਮ ਜਥੇਬੰਦੀਆਂ ਆਪਣੇ ਸਿਦਕ ਅਤੇ ਕਹਿਣੀ ਤੇ ਕਰਨੀ ਦੇ ਪੱਕੇ ਆਗੂ ਤੋਂ ਨਿਹੱਥੇ ਹੋ ਗਏ ਹਨ ਅਤੇ ਇਸ ਨਾ ਪੂਰਾ ਹੋਣ ਵਾਲੇ ਘਾਟੇ ਨੂੰ ਮੁਲਾਜ਼ਮ ਵਰਗ ਕਦੇ ਵੀ ਨਹੀਂ ਭੁੱਲਣਗੇ। ਕਾਰਜਕਾਰੀ ਪ੍ਰਧਾਨ ਨੇ ਕਿਹਾ ਕਿ ਅਸੀਂ ਅੱਜ ਪ੍ਰਣ ਲੈਂਦੇ ਹਾਂ ਕਿ ਸਵ: ਠਾਕੁਰ ਸਿੰਘ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਇਸ ਮੌਕੇ ਵੱਖ ਵੱਖ ਰਾਜਸੀ, ਸਮਾਜਕ, ਧਾਰਮਕ ਤੇ ਮੁਲਾਜ਼ਮ ਵਰਗ ਦੇ ਮੁਖੀਆਂ ਨੇ ਸ਼ਰਧਾ ਸੁਮਨ ਭੇਟ ਕਰਦੇ ਹੋਏ ਸਵ: ਠਾਕੁਰ ਸਿੰਘ ਨੂੰ ਇੱਕ ਸੰਸਥਾ ਦੱਸਿਆ, ਜਿਸ ਤੋਂ ਅਜੇ ਵੀ ਬਹੁਤ ਕੁਝ ਸਿੱਖਣ ਦੀ ਲੋੜ ਸੀ। ਇਸ ਤੋਂ ਪਹਿਲਾਂ ਭਾਈ ਅਕਾਸ਼ਦੀਪ ਦੇ ਰਾਗੀ ਜਥੇ ਨੇ ਬੈਰਾਗਮਈ ਕੀਰਤਨ ਕੀਤਾ। ਇਸ ਮੌਕੇ ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਤੇ ਮਲਕੀਤ ਸਿੰਘ ਦਾਖਾ, ਧਨਵੰਤ ਸਿੰਘ ਭੱਠਲ, ਬਹਾਦਰ ਸਿੰਘ, ਜ਼ਿਲ੍ਹਾ ਪ੍ਰਧਾਨ ਮਾਸਟਰ ਹਰਜੀਤ ਸਿੰਘ ਤਰਖਾਣਮਾਜਰਾ, ਧਰਮਪਾਲ ਰੰਧਾਵਾ ਸਕੱਤਰ, ਪ੍ਰੀਤਮ ਸਿੰਘ ਨਾਗਰਾ, ਹਰਚੰਦ ਸਿੰਘ ਪੰਜੋਲੀ, ਜੈਕ੍ਰਿਸ਼ਨ ਕਸ਼ਿਅਪ, ਜਸਵੰਤ ਸਿੰਘ ਸੰਪਾਦਕ, ਜਰਮਨਜੀਤ ਸਿੰਘ ਡੈਮੋਕਰੇਟਿਵ ਫਰੰਟ, ਬਲਵਿੰਦਰ ਸਿੰਘ ਸੋਹੀ, ਰੋਸ਼ਨ ਸੂਦ, ਮੱਗਰ ਸਿੰਘ, ਦਰਬਾਰਾ ਸਿੰਘ, ਅਜੈਬ ਸਿੰਘ, ਰਾਮ ਮੂਰਤੀ, ਚਰਨ ਸਿੰਘ ਸੋਖੋਂ, ਆਦਿ ਤੇ ਇਲਾਵਾ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਪ੍ਰਧਾਨ ਤੇ ਭਾਰੀ ਗਿਣਤੀ ਵਿੱਚ ਪੈਨਸ਼ਨਰਜ਼ ਨੇ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ।

2024 'ਚ ਭਾਜਪਾ ਮੁੜ ਤੋਂ ਸਰਕਾਰ ਬਣਾਵੇਗੀ : ਭੋਲਾ ਸਿੰਘ

ਬਰੇਟਾ (ਰੀਤਵਾਲ)-ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਿਲਕੁਲ ਵੀ ਠੀਕ ਨਹੀਂ ਹੈ ਹਰ ਰੋਜ਼ ਲੁੱਟ-ਖੋਹ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਵਾਟਾ ਭਾਰਤੀ ਜਨਤਾ ਪਾਰਟੀ ਹਲਕਾ ਇੰਚਾਰਜ ਭੋਲਾ ਸਿੰਘ ਸੂਬੇਦਾਰ ਨੇ ਮੰਡਲ ਪ੍ਰਧਾਨ ਗਗਨਦੀਪ ਸ਼ਰਮਾ ਦੇ ਦਫਤਰ ਵਿਖੇ ਵਿਚਾਰ ਚਰਚਾ ਦੌਰਾਨ ਕੀਤਾ। ਉਨ੍ਹਾ ਕਿਹਾ ਕਿ ਭਾਜਪਾ ਨੇ ਹੁਣ ਸ਼ਹਿਰਾਂ ਦੇ ਨਾਲ ਨਾਲ ਪਿੰਡਾਂ ਵਿੱਚ ਵੀ ਆਪਣਾ ਪਸਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਲੋਕ ਪ੍ਰਧਾਨ ਮੰਤਰੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜ ਰਹੇ ਹਨ। ਉਨ੍ਹਾ ਕਿਹਾ ਕਿ ਆਉਣ ਵਾਲੀਆਂ 2024 ਦੀਆਂ ਚੋਣਾਂ ਵਿੱਚ ਭਾਜਪਾ ਮੁੜ ਤੋਂ ਸਰਕਾਰ ਬਣਾਵੇਗੀ ਤੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਮੁੜ ਤੋਂ ਪ੍ਰਧਾਨ ਮੰਤਰੀ ਬਣਨਗੇ। ਇਸ ਮੌਕੇ ਪ੍ਰਧਾਨ ਗਗਨਦੀਪ ਸ਼ਰਮਾ, ਦਲਜੀਤ ਸਿੰਘ ਦਰਸ਼ੀ, ਮੇਜਰ ਸਿੰਘ ਵੀ ਹਾਜ਼ਰ ਸਨ।

ਰੇਲਵੇ ਫਾਟਕ ਵਾਰ-ਵਾਰ ਬੰਦ ਹੋਣ ਕਾਰਨ ਲੋਕ ਪ੍ਰੇਸ਼ਾਨ

ਬਰੇਟਾ (ਰੀਤਵਾਲ)-ਸਥਾਨਕ ਸ਼ਹਿਰ ਦੇ ਗਊਸ਼ਾਲਾ ਤੇ ਜਲਵੇੜ

1-July-PAGE- 3 qxd.qxd 6/30/2023 10:03 PM Page 1

ਆਂਗਣਵਾਲੀ ਵਰਕਰਾਂ ਵੱਲੋਂ ਭਲਕੇ ਡਾ. ਬਲਜਿੰਦਰ ਕੌਰ ਦੇ ਘਰ ਦੀ ਘੇਰਾਬੰਦੀ

ਅਜਨਾਲਾ/ਗੁਰਦਾਸਪੁਰ, (ਸੁਖਤੇਂਦਰ ਸਿੰਘ ਰਾਜੂ, ਜਨਕ ਮਹਾਜਨ)-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵਲੋਂ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ 2 ਜੁਲਾਈ ਦਿਨ ਐਤਵਾਰ ਨੂੰ ਫਰੀਦਕੋਟ ਵਿਖੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੀ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਦੇ ਘਰ ਦਾ ਘਿਰਾਓ ਕਰਨ ਤੋਂ ਇਲਾਵਾ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਹੈ।

ਇਹ ਜਾਣਕਾਰੀ ਦਿੰਦਿਆਂ ਯੂਨੀਅਨ ਦੀ ਜ਼ਿਲਾ ਪ੍ਰਧਾਨ ਤੇ ਬਲਾਕ ਪ੍ਰਧਾਨ ਸੁਨਿਰਮਲ ਕੌਰ ਨੇ ਦੱਸਿਆ ਕਿ ਪੰਜਾਬ ਭਰ ਦੀਆਂ ਲਗਭਗ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਪਿਛਲੇਂ ਕਈ ਮਹੀਨਿਆਂ ਤੋਂ ਬੜੀ ਬੇਸਬਰੀ ਨਾਲ ਤਨਖਾਹਾਂ ਨੂੰ ਉਡੀਕ ਰਹੀਆਂ ਹਨ ਪਰ ਪੰਜਾਬ ਸਰਕਾਰ ਅਤੇ ਸਬੰਧਿਤ ਵਿਭਾਗ ਦੇ ਉਚ ਅਧਿਕਾਰੀਆਂ ਦੇ ਕੰਨ 'ਤੇ ਜੂੰ ਨਹੀਂ ਸਰਕ ਰਹੀ। ਉਨ੍ਹਾਂ ਦੱਸਿਆ ਕਿ ਕੈਬਨਿਟ ਮੰਤਰੀ ਵਲੋਂ 19 ਮਈ ਨੂੰ ਜਥੇਬੰਦੀ ਨਾਲ ਚੰਡੀਗੜ੍ਹ ਵਿਖੇ ਮੀਟਿੰਗ ਕੀਤੀ ਗਈ ਸੀ ਜਿਸ ਵਿਚ ਤਨਖਾਹਾਂ ਤੋਂ ਇਲਾਵਾ 12 ਸੂਤਰੀ ਮੰਗ ਪੱਤਰ ਤੇ ਗੱਲਬਾਤ ਕਰਕੇ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਸੀ ਪਰ ਅਜੇ ਤੱਕ ਨਾ ਤਾਂ ਤਨਖਾਹਾਂ ਮਿਲੀਆਂ ਅਤੇ ਨਾ ਹੀ ਹੋਰਨਾਂ ਮੰਗਾਂ ਦਾ ਨਿਪਟਾਰਾ ਹੋਇਆ। ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਮੰਗਾਂ ਨਾ ਮੰਨੇ ਜਾਣ ਕਰਕੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵਿਚ ਸਰਕਾਰ ਪ੍ਰਤੀ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਇਹ ਵਾਅਦਾ ਕੀਤਾ ਸੀ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦਾ ਮਾਣ ਭੱਤਾ ਦੁੱਗਣਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਹੁਣ ਮਾਣਭੱਤਾ ਦੁੱਗਣਾ ਤਾਂ ਕੀ ਕਰਨਾ, ਸਗੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਮੇਂ ਸਿਰ ਤਨਖਾਹਾਂ ਵੀ ਨਹੀਂ ਮਿਲ ਰਹੀਆਂ।

ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਮਾਣਭੱਤਾ ਦੁੱਗਣਾ ਦੇਣ ਤੋਂ ਇਲਾਵਾ ਤਨਖ਼ਾਹਾਂ ਵੀ ਸਮੇਂ ਸਿਰ ਦਿੱਤੀਆਂ ਜਾਣ। ਉਨ੍ਹਾਂ ਕਿਹਾ ਜੇਕਰ ਅਜਿਹਾ ਨਾ ਹੋਇਆ ਤਾਂ ਪੰਜਾਬ ਸਰਕਾਰ ਨੂੰ ਇਨ੍ਹਾਂ ਵਰਕਰਾਂ ਦੇ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਸੰਬੰਧੀ ਸਮਾਗਮ ਕਰਵਾਇਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਨਾਲ ਸੰਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਸੰਬੰਧੀ ਸਮਾਗਮ ਕਰਵਾਇਆ ਗਿਆ। ਇਸ ਸਮੇਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਭਾਈ ਸਰਵਨ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਭਾਈ ਹਰਮਿੱਤਰ ਸਿੰਘ ਕਥਾਵਾਚਕ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਨੇ ਸਰਵਣ ਕਰਵਾਇਆ। ਉਨ੍ਹਾਂ ਸੰਗਤ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਇਤਿਹਾਸ ਬਾਰੇ ਵਿਚਾਰਾਂ ਕੀਤੀਆਂ। ਭਾਈ ਹਰਮਿੱਤਰ ਸਿੰਘ ਨੇ ਕਿਹਾ ਕਿ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਆਪਣੇ ਰਾਜ ਵਿਚ ਹਰ ਧਰਮ ਦੇ ਲੋਕਾਂ ਦੀ ਮਦਦ ਕਰਦੇ ਸਨ ਅਤੇ ਉਨ੍ਹਾ ਦੇ ਰਾਜ ਅੰਦਰ ਸਭ ਨੂੰ ਧਾਰਮਕ ਅਜ਼ਾਦੀ ਦਾ ਅਧਿਕਾਰ ਪ੍ਰਾਪਤ ਸੀ।

ਇਹੀ ਕਾਰਨ ਹੈ ਕਿ ਮਹਾਰਾਜਾ ਰਣਜੀਤ ਸਿੰਘ ਵੱਲੋਂ ਕੀਤੇ ਕਾਰਜਾਂ ਨੂੰ ਅੱਜ ਵੀ ਦੁਨੀਆ ਯਾਦ ਕਰਦੀ ਹੈ। ਸਮਾਗਮ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਸੁਖਰਾਜ ਸਿੰਘ, ਬਘੇਲ ਸਿੰਘ, ਸਤਨਾਮ ਸਿੰਘ ਰਿਆੜ, ਨਿਸ਼ਾਨ ਸਿੰਘ ਜਫਰਵਾਲ, ਇਕਬਾਲ ਸਿੰਘ ਮੁਖੀ, ਨਿਸ਼ਾਨ ਸਿੰਘ, ਗੁਰਤਿੰਦਰਪਾਲ ਸਿੰਘ ਅਤੇ ਸੰਗਤਾਂ ਹਾਜ਼ਰ ਸਨ।

ਦਿਨ-ਪ੍ਰਤੀ ਦਿਨ ਭਿਆਨਕ ਹੁੰਦੀ ਜਾ ਰਹੀ ਭਿੱਖੀਵਿੰਡ 'ਚ ਟਰੈਫਿਕ ਦੀ ਸਮੱਸਿਆ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਿੱਖੀਵਿੰਡ 'ਚ ਟਰੈਫਿਕ ਸਮੱਸਿਆ ਦਿਨੋ-ਦਿਨ ਭਿਆਨਕ ਹੁੰਦੀ ਜਾ ਰਹੀ ਹੈ। ਸ਼ਹਿਰ 'ਚ ਹਰ ਰੋਜ਼ ਮੋਟਰਸਾਈਕਲਾਂ, ਗੱਡੀਆਂ, ਟਰਾਲੀ-ਟਰੈਕਟਰਾਂ ਅਤੇ ਬੱਸਾਂ ਦੀਆਂ ਲੰਬੀਆਂ ਕਤਾਰਾਂ ਵੇਖਣ ਨੂੰ ਮਿਲਦੀਆਂ ਹਨ। ਭਿੱਖੀਵਿੰਡ ਪੁਲਸ ਟਰੈਫਿਕ ਨੂੰ ਨਿਯੰਤ੍ਰਿਤ ਕਰਨ 'ਚ ਅਸਫਲ ਸਾਬਤ ਹੋ ਰਹੀ ਹੈ। ਬਹੁਤ ਵਾਰ ਤਾਂ ਟਰੈਫਿਕ ਪੁਲਸ ਦੇ ਅਧਿਕਾਰੀ ਚੌਕ 'ਚ ਮੌਜੂਦ ਹੀ ਨਹੀਂ ਹੁੰਦੇ। ਟਰੈਫਿਕ ਸਮੱਸਿਆ ਦਾ ਮੁੱਖ ਕਾਰਨ ਸ਼ਹਿਰ ਦੇ ਦੁਕਾਨਦਾਰਾਂ ਅਤੇ ਰੇਹੜੀ ਵਾਲਿਆਂ ਦੁਆਰਾ ਅੱਧੀ ਸੜਕ 'ਤੇ ਕੀਤਾ ਹੋਇਆ ਕਬਜ਼ਾ ਹੈ। ਇਸ ਤੋਂ ਇਲਾਵਾ ਨੇੜੇ ਦੇ ਪਿੰਡਾਂ ਦੇ ਲੋਕ ਜਦੋਂ ਸ਼ਹਿਰ 'ਚ ਕੁਝ ਖਰੀਦਣ ਲਈ ਆਉਂਦੇ ਹਨ ਤਾਂ ਉਹ ਆਪਣੀਆਂ ਗੱਡੀਆਂ ਸੜਕ 'ਤੇ ਹੀ ਪਾਰਕ ਕਰ ਦਿੰਦੇ ਹਨ, ਜਿਸ ਕਾਰਨ ਬਜ਼ਾਰ 'ਚ ਟਰੈਫਿਕ ਜਾਮ ਦੀ ਸਮੱਸਿਆ ਬਣ ਜਾਂਦੀ ਹੈ। ਇਹ ਸਮੱਸਿਆ ਇੰਨੀ ਭਿਆਨਕ ਹੋ ਗਈ ਹੈ ਕਿ ਸ਼ਹਿਰ ਦੇ ਲੋਕਾਂ ਦਾ ਪੈਦਲ ਚੱਲ ਕੇ ਬਜ਼ਾਰ 'ਚੋਂ ਲੰਘਣਾ ਮੁਸ਼ਕਲ ਹੈ। ਇਸ ਸਮੱਸਿਆ ਸੰਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਸਾਨ ਮਜਦੂਰ ਸੰਘਰਸ ਕਮੇਟੀ ਪੰਜਾਬ ਦੇ ਜੋਨ ਭਾਈ ਤਾਰੂ ਸਿੰਘ ਪੂਹਲਾ ਦੇ ਪ੍ਰਧਾਨ ਦਿਲਬਾਗ ਸਿੰਘ ਨੇ ਕਿਹਾ ਕਿ ਭਿੱਖੀਵਿੰਡ ਪੁਲਸ ਦੇ ਮੁਲਾਜ਼ਮ ਕਈ ਵਾਰ ਚੌਕ 'ਚ ਦਿਖਾਈ ਹੀ ਨਹੀਂ ਦਿੰਦੇ, ਜਿਸ ਕਾਰਨ ਟਰੈਫਿਕ ਹੋਣ 'ਤੇ ਵਾਹਨਾਂ ਦਾ ਚੌਕ ਵਿੱਚੋਂ ਲੰਘਣਾ ਬਹੁਤ ਮੁਸ਼ਕਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਭਿੱਖੀਵਿੰਡ ਪੁਲਸ ਵੱਲੋਂ ਟਰੈਫਿਕ ਸਮੱਸਿਆ ਨੂੰ ਘਟਾਉਣ ਲਈ ਸੜਕ ਦੀ ਇੱਕ ਸਾਈਡ 'ਤੇ ਬੈਰੀਕੇਡ ਲਗਾ ਕੇ ਵੱਨ ਵੇ ਕਰਨ ਵਾਲਾ ਤਰੀਕਾ ਟਰੈਫਿਕ ਨੂੰ ਘਟਾਉਣ ਦੀ ਬਜਾਏ ਵਧਾ ਰਿਹਾ ਹੈ। ਉਨ੍ਹਾਂ ਜ਼ਿਲ੍ਹੇ ਦੇ ਐਸ.ਐਸ.ਪੀ ਅਤੇ ਡਿਪਟੀ ਕਮਿਸ਼ਨਰ ਪਾਸੋਂ ਮੰਗ ਕੀਤੀ ਕਿ ਭਿੱਖੀਵਿੰਡ ਦੀ ਟਰੈਫਿਕ ਸਮੱਸਿਆ ਦਾ ਕੋਈ ਸਾਰਥਕ ਹੱਲ ਕੱਢਿਆ ਜਾਵੇ ਤਾਂ ਜੋ ਲੋਕ ਖੱਜਲ-ਖੁਆਰੀ ਤੋਂ ਮੁਕਤ ਹੋ ਸਕਣ। ਜਦੋਂ ਐਸ ਐਚ ਓ ਬਲਜਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਭਿੱਖੀਵਿੰਡ ਦੀ ਟਰੈਫਿਕ ਸਮੱਸਿਆ ਦੇ ਹੱਲ ਲਈ ਮਹਿਕਮੇ ਨੂੰ ਚੌਕ ਵਿੱਚ ਟਰੈਫਿਕ ਲਾਈਟਾਂ ਲਗਵਾਉਣ ਦੀ ਅਪੀਲ ਕੀਤੀ ਗਈ ਹੈ।

ਟਾਟਾ ਏਆਈਏ ਵੱਲੋਂ ਉਦਯੋਗ ਦੀ ਪਹਿਲੀ ਪ੍ਰੀਮੀਅਮ ਭੁਗਤਾਨ ਸਹੂਲਤ ਪੇਸ਼

ਬਠਿੰਡਾ : 'ਕੰਜ਼ਿਊਮਰ ਆਬਸੈਸ਼ਨ' ਦੇ ਆਪਣੇ ਮੁੱਲ ਨੂੰ ਹੋਰ ਮਜਬੂਤ ਕਰਨ ਲਈ, ਟਾਟਾ ਏਆਈਏ ਲਾਈਫ ਇੰਸੋਰੈਂਸ (ਟਾਟਾ ਏਆਈਏ) ਨੇ ਵਟਸਐਪ ਅਤੇ ਯੂਨੀਫਾਈਡ ਪੇਮੈਂਟਸ ਇੰਟਰਫੇਸ ਰਾਹੀਂ ਡਿਜੀਟਲ ਭੁਗਤਾਨ ਸ਼ੁਰੂ ਕੀਤੇ ਹਨ। ਇਹ ਉਦਯੋਗ-ਪਹਿਲੀ ਸਹੂਲਤ ਵਟਸਐਪ ਅਤੇ ਯੂਪੀਆਈ- ਸਮਰਥਿਤ ਭੁਗਤਾਨ ਵਿਕਲਪਾਂ ਰਾਹੀਂ ਤਤਕਾਲ ਪ੍ਰੀਮੀਅਮ ਭੁਗਤਾਨ ਦੀ ਸਹੂਲਤ ਪ੍ਰਦਾਨ ਕਰਦੀ ਹੈ। ਇਸ ਮੌਕੇ ਤੇ ਟਿੱਪਣੀ ਕਰਦੇ ਹੋਏ ਟਾਟਾ ਏਆਈਏ ਦੇ ਕਾਰਜਕਾਰੀ ਉਪ ਪ੍ਰਧਾਨ ਅਤੇ ਸੰਚਾਲਨ ਦੇ ਮੁਖੀ ਸੰਜੇ ਅਰੋੜਾ ਨੇ ਕਿਹਾਕਿ ਟਾਟਾ ਏਆਈਏ ਵਿਖੇ, ਅਸੀਂ ਆਪਣੇ ਪਾਲਿਸੀਧਾਰਕਾਂ ਨੂੰ ਭੁਗਤਾਨ ਦੇ ਉਨ੍ਹਾਂ ਦੇ ਪਸੰਦੀਦਾ ਢੰਗਾਂ ਦੀ ਵਰਤੋਂ ਕਰਦੇ ਹੋਏ ਸੁਵਿਧਾਜਨਕ, ਮੁਸ਼ਕਲ ਰਹਿਤ ਪ੍ਰੀਮੀਅਮ ਭੁਗਤਾਨ ਵਿਕਲਪ ਪ੍ਰਦਾਨ ਕਰਨ ਲਈ ਵਚਨਬੱਧ ਹਾਂ। ਟੈਕਨਾਲੋਜੀ ਦੁਆਰਾ ਪ੍ਰੇਰਿਤ, ਹੇਠਾਂ-ਉੱਤੇ ਪਹੁੰਚ, ਸਾਨੂੰ ਸਾਡੇ ਖਪਤਕਾਰਾਂ ਦੀਆਂ ਲੋੜਾਂ ਨੂੰ ਸਮਝਣ ਅਤੇ ਸਾਡੀਆਂ ਸੇਵਾਵਾਂ ਨੂੰ ਲਗਾਤਾਰ ਬਿਹਤਰ ਬਣਾਉਣ ਦੀ ਇਜਾਜ਼ਤ ਦਿੰਦੀ ਹੈ। ਇਹ ਨਵਾਂ ਭੁਗਤਾਨ ਵਿਕਲਪ ਬੀਮਾ ਉਦਯੋਗ ਵਿੱਚ ਆਪਣੀ ਕਿਸਮ ਦਾ ਪਹਿਲਾ ਹੈ। ਇਸ ਕੁਸ਼ਲ, ਸਹਿਜ ਪ੍ਰਕਿਰਿਆ ਦੁਆਰਾ ਗਾਹਕ ਡਿਜੀਟਲ ਰੂਪ ਵਿੱਚ ਪ੍ਰੀਮੀਅਮ ਦਾ ਭੁਗਤਾਨ ਕਰ ਸਕਦੇ ਹਨ ਅਤੇ ਤੁਰੰਤ ਪ੍ਰੀਮੀਅਮ ਭੁਗਤਾਨ ਦੀ ਪੁਸ਼ਟੀ ਅਤੇ ਰਸੀਦ ਪ੍ਰਾਪਤ ਕਰ ਸਕਦੇ ਹਨ। ਇਹ ਤਕਨੀਕੀ ਅਤੇ ਗੈਰ-ਤਕਨੀਕੀ-ਸਮਝਦਾਰ ਉਪਭੋਗਤਾਵਾਂ ਲਈ ਵਰਤੋਂ ਵਿੱਚ ਆਸਾਨ ਹੈ। ਇਨਾਂ ਪਲੇਟਫਾਰਮਾਂ ਰਾਹੀਂ ਪ੍ਰੀਮੀਅਮ ਭੁਗਤਾਨਾਂ ਦੀ ਸ਼ੁਰੂਆਤ ਕਰਕੇ, ਟਾਟਾ ਏਆਈਏ ਇਹ ਯਕੀਨੀ ਬਣਾ ਰਿਹਾ ਹੈ ਕਿ ਇਹ ਆਪਣੇ ਖਪਤਕਾਰਾਂ ਨੂੰ ਉਨਾਂ ਦੇ ਪਸੰਦੀਦਾ ਢੰਗਾਂ ਰਾਹੀਂ ਲੈਣ-ਦੇਣ ਕਰਨ ਵਿੱਚ ਆਸਾਨੀ ਅਤੇ ਸਹੂਲਤ ਪ੍ਰਦਾਨ ਕਰਦਾ ਹੈ।

ਦਰਗਾਹ ਹਜ਼ਰਤ ਪੀਰ ਬਾਬਾ ਮੁਕਾਮ ਸ਼ਾਹ ਵਿਖੇ ਸਾਲਾਨਾ ਮੇਲਾ ਲੱਗਾ

ਮਜੀਠਾ (ਸੋਇਮ ਆਨੰਦ) ਦਰਗਾਹ ਹਜ਼ਰਤ ਪੀਰ ਬਾਬਾ ਮੁਕਾਮ ਸ਼ਾਹ ਮਜੀਠਾ ਸ਼ਰੀਫ ਵਿਖੇ ਸੰਤ ਬਾਬਾ ਹੰਸ ਰਾਜ ਦੀ ਰਹਿਮਤ ਸਦਕਾ ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਰਾਜੂ ਸ਼ਾਹ ਮਜੀਠਾ ਸ਼ਰੀਫ ਦੀ ਅਗਵਾਈ ਵਿਚ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਾਲਾਨਾ ਮੇਲਾ ਮਨਾਇਆ ਗਿਆ। ਇਸ ਮੇਲੇ ਵਿਚ ਵੱਖ ਵੱਖ ਸੰਤਾਂ ਮਹਾਂਪੁਰਸ਼ਾਂ ਨੇ ਪਹੁੰਚ ਕੇ ਆਪਣੀ ਹਾਜ਼ਰੀ ਲਗਵਾਈ ਅਤੇ ਸੰਗਤਾਂ ਨੂੰ ਆਸ਼ੀਰਵਾਦ ਦਿੱਤਾ। ਮੇਲੇ ਵਿਚ ਇਲਾਕੇ ਦੀਆਂ ਮਸ਼ਹੂਰ ਕੱਵਾਲਾਂ ਵਲੋਂ ਕੱਵਾਲੀਆਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਦੇ ਨਾਲ ਹੀ ਇਲਾਕੇ ਦੇ ਮਸ਼ਹੂਰ ਕਲਾਕਾਰਾਂ ਨੇ ਆਪਣੇ ਫਨ ਦਾ ਮੁਜ਼ਾਹਰਾ ਕੀਤਾ। ਮੇਲੇ ਵਿਚ ਸੀਨੀਅਰ ਅਕਾਲੀ ਆਗੂ ਸਾਬਕਾ ਕੌਂਸਲਰ ਅਤੇ ਵਾਰਡ ਇੰਚਾਰਜ ਬਿੱਲਾ ਸ਼ਾਹ ਆੜ੍ਹਤੀਆ ਆਪਣੀ ਟੀਮ ਸਮੇਤ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ।ਮੁੱਖ ਮਹਿਮਾਨ ਬਿੱਲਾ ਸ਼ਾਹ, ਮੁੱਖ ਸੇਵਾਦਾਰ ਬਾਬਾ ਰਾਜੂ ਸ਼ਾਹ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਦਰਗਾਹ ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ। ਸੰਗਤਾਂ ਵਾਸਤੇ ਲੰਗਰ ਭੰਡਾਰਾ ਲਗਾਇਆ ਗਿਆ। ਇਸ ਮੇਲੇ ਵਿਚ ਇਲਾਕੇ ਦੀਆਂ ਵੱਡੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ।

ਘਰ 'ਚੋਂ ਸੋਨੇ/ਚਾਂਦੇ ਦੇ ਗਹਿਣੇ ਤੇ 10 ਹਜ਼ਾਰ ਨਕਦੀ ਚੋਰੀ

ਗੁਰਦਾਸਪੁਰ, 30 ਜੂਨ (ਜਨਕ ਮਹਾਜਨ)-ਥਾਣਾ ਘੁੰਮਣ ਕਲਾ ਅਧੀਨ ਪੈਂਦੇ ਪਿੰਡ ਦਬੁਰਜੀ ਦੇ ਰਹਿਣ ਵਾਲੇ ਜਸਪਾਲ ਸਿੰਘ ਪੁੱਤਰ ਬਲਕਾਰ ਸਿੰਘ ਨੇ ਪੁਲਸ ਨੂੰ ਕੀਤੀ ਸ਼ਿਕਾਇਤ ਵਿਚ ਦੱਸਿਆ ਕਿ ਉਹ ਪੰਜਾਬ ਪੁਲਸ ਵਿਚ ਬਤੌਰ ਕਾਂਸਟੇਬਲ ਬਟਾਲਾ ਵਿਖੇ ਨੌਕਰੀ ਕਰ ਰਿਹਾ ਹੈ। ਉਸ ਨੇ ਆਪਣੀ ਆਰਜ਼ੀ ਰਿਹਾਇਸ਼ ਥਾਣਾ ਸਿਟੀ ਬਟਾਲਾ ਵਿਖੇ ਰੱਖੀ ਹੋਈ ਹੈ ਅਤੇ ਆਪਣੇ ਘਰ ਦਬੁਰਜੀ ਵਿਖੇ ਵੀ ਅਕਸਰ ਆਉਂਦਾ-ਜਾਂਦਾ ਰਹਿੰਦਾ ਹਾਂ। ਉਸ ਨੇ ਦੱਸਿਆ ਕਿ 28 ਮਈ ਨੂੰ ਉਹ ਆਪਣੇ ਪਿੰਡ ਦਬੁਰਜੀ ਗਿਆ ਤਾਂ ਦੇਖਿਆ ਕਿ ਮਕਾਨ ਦੀ ਉਪਰਲੀ ਮੰਜ਼ਿਲ ਦੇ ਕਮਰੇ ਦਾ ਕੁੰਡਾ ਟੁੱਟਾ ਹੋਇਆ ਸੀ। ਕਮਰੇ ਅੰਦਰ ਰੱਖੀਆਂ ਅਲਮਾਰੀਆਂ ਵਿਚਲੇ ਸਾਮਾਨ ਦੀ ਫੋਲਾ-ਫਰਾਲੀ ਕੀਤੀ ਹੋਈ ਸੀ ਅਤੇ ਅਲਮਾਰੀਆਂ ਵਿਚੋਂ ਦੋ ਚੈਨੀਆਂ ਸੋਨੇ ਦੀਆਂ, ਦੋ ਲੇਡੀ ਮੁੰਦਰੀਆਂ, ਚਾਰ ਜੈਂਟਸ ਮੁੰਦਰੀਆਂ, ਇੱਕ ਕੜਾ, ਕੰਨਾਂ ਦੀਆਂ ਵਾਲੀਆਂ, ਕੁਝ ਚਾਂਦੀ ਦੇ ਗਹਿਣੇ ਅਤੇ 10 ਹਜ਼ਾਰ ਰੁਪਏ ਨਕਦੀ ਗਾਇਬ ਸੀ ਜੋ ਕਿਸੇ ਨੇ ਚੋਰੀ ਕਰ ਲਈ ਸੀ। ਪੀੜਤ ਨੇ ਦੱਸਿਆ ਉਸ ਨੂੰ ਪੱਕਾ ਸ਼ੱਕ ਹੈ ਕਿ ਇਹ ਚੋਰੀ ਸ਼ੁਭਕਰਨ ਸਿੰਘ ਪੁੱਤਰ ਜਸਵੰਤ ਸਿੰਘ, ਸਮਰ ਪੁੱਤਰ ਮੰਗੂ ਮਸੀਹ ਵਾਸੀਆਂਨ ਦਬੁਰਜੀ ਨੇ ਹੀ ਕੀਤੀ ਹੈ। ਪੁਲਸ ਨੇ ਪੀੜਤ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਉਕਤ ਵਿਅਕਤੀਆਂ ਖ਼ਿਲਾਫ਼ ਧਾਰਾ 380 ਅਧੀਨ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੀੜਤ ਨੇ ਦੱਸਿਆ ਕਿ ਚੋਰੀ ਹੋਏ ਸਾਮਾਨ ਦੀ ਕੁੱਲ ਕੀਮਤ ਕਰੀਬ 2 ਲੱਖ 17 ਹਜ਼ਾਰ ਰੁਪਏ ਬਣਦੀ ਹੈ।

ਪਿੰਡ-ਪਿੰਡ/ਗਲੀ-ਗਲੀ ਲੋਕਾਂ ਦੀਆਂ ਮੁਸ਼ਕਲਾਂ ਸੁਣਨਾ ਸ਼ਲਾਘਾਯੋਗ ਉਪਰਾਲਾ : ਕੰਵਲਜੀਤ

ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)-ਵਿਧਾਨ ਸਭਾ ਹਲਕਾ ਤਰਨਤਾਰਨ ਦੇ ਅਧੀਨ ਪੈਂਦੇ ਪਿੰਡ ਠੱਠਾ ਦੇ ਸਰਪੰਚ ਕੰਵਲਜੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਵੱਲੋਂ ਹਲਕਾ ਵਿਧਾਇਕ ਪਿੰਡ-ਪਿੰਡ ਗਲੀ-ਗਲੀ ਮੁਹਿੰਮ ਨੂੰ ਸ਼ੁਰੂ ਕਰਨਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਪਾਰਟੀ ਦੇ ਵਿਧਾਇਕ ਨੇ ਪਿੰਡਾਂ ਵਿੱਚ ਜਾ ਗਲੀਆਂ ਵਿਚ ਜਾ ਕੇ ਆਮ ਲੋਕਾਂ ਦੀਆਂ ਮੁਸ਼ਕਲਾਂ ਨਹੀਂ ਸੀ ਸੁਣੀਆਂ ਪਰ ਵਿਧਾਇਕ ਕਸ਼ਮੀਰ ਸਿੰਘ ਵੱਲੋਂ ਪਿੰਡ ਪਿੰਡ ਅਤੇ ਗਲੀ-ਗਲੀ ਜਾ ਕੇ ਹਲਕੇ ਦੀ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਸੁਣਨ ਜਾ ਰ

ਨਵਾਂ ਜ਼ਮਾਨਾ
ਸ਼ਨੀਵਾਰ, 1 ਜੁਲਾਈ 2023

ਮਹਿੰਗਾਈ ਦੀ ਮਾਰ

ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕੁਝ ਦਿਨ ਪਹਿਲਾਂ ਦਾਅਵਾ ਕੀਤਾ ਸੀ ਕਿ ਪ੍ਰਚੂਨ ਮਹਿੰਗਾਈ ਦਰ 4.7 ਫ਼ੀਸਦੀ ਦੇ ਹੇਠਲੇ ਪੱਧਰ ਉੱਤੇ ਪਹੁੰਚ ਚੁੱਕੀ ਹੈ। ਦਸਾਂ ਦਿਨਾਂ ਅੰਦਰ ਹੀ ਸਬਜ਼ੀਆਂ ਦੀਆਂ ਕੀਮਤਾਂ ਇਸ ਦਾਅਵੇ ਦਾ ਮਖੌਲ ਉਡਾਉਣ ਲੱਗ ਗਈਆਂ ਹਨ। ਪਿਛਲੇ ਇੱਕ ਮਹੀਨੇ ਦੌਰਾਨ ਭਾਰਤੀ ਰਸੋਈਆਂ ਵਿੱਚ ਵਰਤੀਆਂ ਜਾਂਦੀਆਂ ਤਿੰਨ ਅਹਿਮ ਵਸਤਾਂ ਆਲੂ, ਪਿਆਜ਼ ਤੇ ਟਮਾਟਰਾਂ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਇੱਕ ਜੂਨ ਨੂੰ ਅਜ਼ਾਦਪੁਰ ਮੰਡੀ 'ਚ ਜਿਹੜਾ ਟਮਾਟਰ 720 ਰੁਪਏ ਕੁਇੰਟਲ ਸੀ, ਉਹ 24 ਜੂਨ ਨੂੰ 5200 ਰੁਪਏ ਕੁਇੰਟਲ ਤੱਕ ਪਹੁੰਚ ਚੁੱਕਾ ਸੀ। ਅੱਜ ਵਧੀਆ ਟਮਾਟਰ 120 ਰੁਪਏ ਤੇ ਦਾਗੀ 50 ਤੋਂ 70 ਰੁਪਏ ਕਿਲੋ ਵਿਕ ਰਿਹਾ ਹੈ। ਸਰਕਾਰ ਭਾਵੇਂ ਇਸ ਮਹਿੰਗਾਈ ਨੂੰ ਮੌਸਮ ਦੀ ਮਾਰ ਦੇ ਮੱਥੇ ਮੜ੍ਹ ਰਹੀ ਹੈ, ਪਰ ਸਚਾਈ ਇਹ ਹੈ ਕਿ ਪਿਛਲੇ ਸਾਲ ਠੀਕ ਭਾਅ ਨਾ ਮਿਲਣ ਕਾਰਨ ਇਸ ਵਾਰ ਟਮਾਟਰ ਦੀ ਫ਼ਸਲ ਘੱਟ ਰਕਬੇ ਵਿੱਚ ਬੀਜੀ ਗਈ ਸੀ। ਇਹੋ ਨਹੀਂ, ਪਿਆਜ਼ ਦੀ ਕੀਮਤ ਵੀ 26 ਫ਼ੀਸਦੀ ਤੇ ਆਲੂ ਦੀ 7 ਫ਼ੀਸਦੀ ਵਧ ਚੁੱਕੀ ਹੈ। ਅਦਰਕ 320 ਰੁਪਏ ਕਿਲੋ, ਫੁੱਲ ਗੋਭੀ 80 ਰੁਪਏ ਕਿਲੋ, ਬੈਂਗਣ, ਫਲੀਆਂ ਤੇ ਰਤਾਲੂ 100 ਰੁਪਏ ਕਿਲੋ ਨੂੰ ਵਿਕ ਰਹੇ ਹਨ।

ਇਹੋ ਨਹੀਂ, ਪਿਛਲੇ ਪੰਜ ਸਾਲਾਂ ਵਿੱਚ ਸਭ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਿੱਚ ਵੱਡਾ ਉਛਾਲ ਆਇਆ ਹੈ। ਕਣਕ ਦੀ ਕੀਮਤ 36.2 ਫ਼ੀਸਦੀ, ਚੌਲਾਂ ਦੀ 32.2 ਫ਼ੀਸਦੀ, ਦਾਲਾਂ ਦੀ 84.8 ਫ਼ੀਸਦੀ, ਦੁੱਧ ਦੀ 34.9 ਫ਼ੀਸਦੀ, ਲੂਣ ਦੀ 44.6 ਫ਼ੀਸਦੀ, ਖੰਡ ਦੀ 12.5 ਫ਼ੀਸਦੀ ਤੇ ਚਾਹ ਪੱਤੀ ਦੀ 31.8 ਫ਼ੀਸਦੀ ਵਧੀ ਹੈ। ਛੇ ਮਹੀਨੇ ਪਹਿਲਾਂ ਅਰਹਰ ਦੀ ਦਾਲ 100 ਰੁਪਏ ਕਿਲੋ ਸੀ, ਜੋ ਹੁਣ 160 ਰੁਪਏ ਕਿਲੋ 'ਤੇ ਪੁੱਜ ਚੁੱਕੀ ਹੈ। ਛੋਲਿਆਂ ਦੀ ਦਾਲ 70 ਤੋਂ ਵਧ ਕੇ 110 ਰੁਪਏ ਕਿਲੋ ਤੱਕ ਪੁੱਜ ਚੁੱਕੀ ਹੈ। ਉਕਤ ਉਹ ਵਸਤਾਂ ਹਨ, ਜਿਨ੍ਹਾਂ ਬਗੈਰ ਆਮ ਘਰਾਂ ਵਿੱਚ ਜ਼ਿੰਦਗੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅਸੀਂ ਜਿਹੜੇ ਅੰਕੜੇ ਦਿੱਤੇ ਹਨ ਇਹ ਮਨਿਸਟਰੀ ਆਫ਼ ਕੰਜ਼ਿਊਮਰ ਅਫੇਅਰਜ਼ ਨੇ ਜਾਰੀ ਕੀਤੇ ਹਨ।

ਇਸੇ ਦੌਰਾਨ ਲੋਕਾਂ ਦੀ ਆਮਦਨ ਵਿੱਚ ਵੱਡੀ ਗਿਰਾਵਟ ਆਈ ਹੈ। 2016 ਤੋਂ 2021 ਵਿੱਚ ਭਾਰਤ ਦੇ ਸਭ ਤੋਂ ਗਰੀਬ 20 ਫ਼ੀਸਦੀ ਲੋਕਾਂ ਦੀ ਆਮਦਨ ਵਿੱਚ 50 ਫ਼ੀਸਦੀ ਦੀ ਗਿਰਾਵਟ ਆਈ ਹੈ। ਉਸ ਤੋਂ ਉੱਪਰਲੇ 40 ਫ਼ੀਸਦੀ ਲੋਕਾਂ ਦੀ ਆਮਦਨ 30 ਫ਼ੀਸਦੀ ਘਟੀ ਹੈ। ਇਸੇ ਦੌਰਾਨ ਖੇਤੀ ਖੇਤਰ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਮਜ਼ਦੂਰੀ 1 ਫ਼ੀਸਦੀ ਘੱਟ ਹੋਈ ਹੈ।

ਅਸਲੀਅਤ ਇਹ ਹੈ ਕਿ 60 ਫ਼ੀਸਦੀ ਲੋਕਾਂ ਦੀ ਆਮਦਨ ਘਟੀ ਹੈ ਤੇ ਉੱਪਰੋਂ ਵਧੀ ਮਹਿੰਗਾਈ ਨੇ ਉਨ੍ਹਾਂ ਦਾ ਬਜਟ ਵਿਗਾੜ ਕੇ ਰੱਖ ਦਿੱਤਾ ਹੈ। ਜਿਹੜਾ ਮੱਧ ਵਰਗ ਮੋਦੀ ਮੋਦੀ ਦੇ ਨਾਅਰੇ ਲਾ ਕੇ ਹਿੰਦੂ ਰਾਜ ਦੇ ਸੁਫਨੇ ਲੈ ਰਿਹਾ ਸੀ, ਅੱਜ ਤਰਾਹ ਤਰਾਹ ਕਰ ਰਿਹਾ ਹੈ। ਬੈਂਕਾਂ ਵਿੱਚ ਜਮ੍ਹਾਂ ਪੂੰਜੀ ਤਾਂ ਲਾਕਡਾਊਨ ਦੌਰਾਨ ਬਿਲੇ ਲਗ ਗਈ ਸੀ, ਹੁਣ ਕਰਜ਼ੇ ਚੁੱਕਣ ਦੀ ਨੌਬਤ ਆ ਗਈ ਹੈ। ਗਰੀਬ ਮਜ਼ਦੂਰ ਤਾਂ ਲੂਣ ਨਾਲ ਰੁੱਖੀ-ਸੁੱਕੀ ਖਾ ਕੇ ਗੁਜ਼ਾਰਾ ਕਰ ਲੈਂਦਾ, ਪਰ ਮੱਧ ਵਰਗ ਲਈ ਸਬਜ਼ੀ ਵਿੱਚ ਟਮਾਟਰ ਨਾ ਹੋਣ ਤਾਂ ਖਾਣੇ ਦਾ ਸਵਾਦ ਹੀ ਵਿਗੜ ਜਾਂਦਾ ਹੈ।

ਆਲੂ, ਪਿਆਜ਼ ਤੇ ਟਮਾਟਰ ਦੀ ਮਹਿੰਗਾਈ ਅਜਿਹਾ ਸੰਵੇਦਨਸ਼ੀਲ ਮੁੱਦਾ ਹੈ, ਜਿਸ ਕਾਰਨ ਸਰਕਾਰਾਂ ਬਦਲ ਜਾਂਦੀਆਂ ਹਨ। ਉੱਪਰੋਂ 5 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਸਿਰ ਉੱਤੇ ਹਨ। ਇਸ ਦਾ ਖਮਿਆਜ਼ਾ ਸੱਤਾਧਾਰੀਆਂ ਨੂੰ ਜ਼ਰੂਰ ਭੁਗਤਣਾ ਪਵੇਗਾ। ਆਉਣ ਵਾਲੇ ਹਾਕਮਾਂ ਨੂੰ ਵੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਖੇਤੀ ਖੇਤਰ ਵਿੱਚ ਫ਼ਸਲੀ ਯੋਜਨਾਬੰਦੀ ਅਤੇ ਹਰ ਜਿਨਸ ਤੇ ਸਬਜ਼ੀਆਂ ਦੀਆਂ ਘੱਟੋ-ਘੱਟ ਲਾਹੇਵੰਦ ਕੀਮਤਾਂ ਦੀ ਗਰੰਟੀ ਤੋਂ ਬਿਨਾਂ ਖੁਰਾਕੀ ਵਸਤਾਂ ਦੀਆਂ ਕੀਮਤਾਂ ਨੂੰ ਸਥਿਰ ਨਹੀਂ ਰੱਖਿਆ ਜਾ ਸਕਦਾ।

-ਚੰਦ ਫਤਿਹਪੁਰੀ

ਯੂਨੀਫਾਰਮ ਸਿਵਲ ਕੋਡ : ਫ਼ਿਰਕੂ ਫਾਸ਼ੀ ਹੱਲੇ ਦਾ ਤਿੱਖਾ ਵਾਰ

ਇੱਕ ਸਾਰ ਸਿਵਲ ਕੋਡ ਬਾਰੇ ਸੰਵਿਧਾਨ ਵਿੱਚ ਦਰਜ ਹੈ ਕਿ ਕਿਉਂਕਿ ਭਾਰਤ ਇੱਕ ਕੌਮ ਨਹੀਂ, ਸਗੋਂ ਵੱਖੋ-ਵੱਖ ਕੌਮਾਂ ਦਾ ਸਾਂਝਾ ਸਮੂਹ ਹੈ। ਇਸ ਬਾਰੇ ਉਸ ਸਮੇਂ ਤਹਿ ਕੀਤਾ ਸੀ ਕਿ ਅਜਿਹਾ ਕਰਨ ਦੀ ਕਿਸੇ ਸਮੇਂ ਲੋੜ ਪੈਣ ਮੌਕੇ ਗੰਭੀਰ ਵਿਚਾਰ-ਚਰਚਾ ਕਰਨ ਦੀ ਲੋੜ ਹੋਵੇਗੀ, ਪਰ ਮੋਦੀ ਸਰਕਾਰ ਨੇ ਲੋਕਾਂ ਦੀ ਰਾਇ ਦੀ ਤਾਂ ਗੱਲ ਹੀ ਪਾਸੇ ਰਹੀ, ਪਾਰਲੀਮੈਂਟ ਅੰਦਰ ਬਹਿਸ ਕਰਾਉਣ ਦੀ ਵੀ ਮਹੱਤਵਪੂਰਨ ਮਸਲਿਆਂ 'ਤੇ ਜ਼ਰੂਰਤ ਵੀ ਨਹੀਂ ਸਮਝੀ। ਹਾਲਾਂਕਿ ਪਿਛਲੇ ਸਮੇਂ ਵਿੱਚ ਬਣਾਏ ਕਮਿਸ਼ਨ ਨੇ ਇੱਕਸਾਰ ਸਿਵਲ ਕੋਡ ਲਾਗੂ ਕਰਨ ਦੀ ਲੋੜ ਤੋਂ ਇਨਕਾਰ ਕੀਤਾ ਸੀ। ਮੋਦੀ ਸਰਕਾਰ ਦਾ ਇਕਸਾਰ ਸਿਵਲ ਕੋਡ ਲਿਆਉਣ ਦਾ ਮਕਸਦ ਅਜਿਹੀਆਂ ਖਰੀਆਂ, ਧਰਮ-ਨਿਰਲੇਪ ਤੇ ਜਮਹੂਰੀ ਤਬਦੀਲੀਆਂ ਕਰਨਾ ਕਦਾਚਿਤ ਨਹੀਂ। ਭਾਜਪਾ-ਸੰਘ ਪਰਵਾਰ ਤਾਂ ਧਰਮ-ਨਿਰਪੱਖਤਾ ਦਾ ਕੱਟੜ ਵਿਰੋਧੀ ਹੈ। ਉਹ ਤਾਂ ਭਾਰਤ ਦੇ ਸੰਵਿਧਾਨ ਦੇ ਮੁੱਖ ਬੰਦ 'ਚੋਂ ਸੈਕੂਲਰ ਤੇ ਸੋਸ਼ਲਿਸਟ ਸ਼ਬਦਾਂ ਨੂੰ ਕੱਢਣ ਦੀ ਐਲਾਨੀਆ ਮੰਗ ਕਰ ਰਹੇ ਹਨ। ਮੋਦੀ ਹਕੂਮਤ ਆਪਣੇ ਕੰਮ-ਕਾਜ 'ਚ ਧਰਮ-ਨਿਰਲੇਪ ਰਹਿਣ ਦੀ ਥਾਂ ਹਿੰਦੂ ਧਰਮ ਦੀ ਜਨਤਕ ਤੌਰ 'ਤੇ ਪਾਲਣਾ ਕਰ ਰਹੀ ਹੈ। ਮੋਦੀ ਵੱਲੋਂ ਪ੍ਰਧਾਨ ਮੰਤਰੀ ਦੀ ਹੈਸੀਅਤ 'ਚ ਰਾਮ ਮੰਦਰ ਦੀ ਨੀਂਹ ਰੱਖਣਾ ਅਤੇ ਹਿੰਦੂ ਧਰਮ ਅਨੁਸਾਰ ਪੂਜਾ-ਪਾਠ ਕਰਨਾ, ਗੰਗਾ-ਪੂਜਾ ਦਾ ਜਨਤਕ ਬਰਾਡ ਕਾਸਟ ਆਦਿ ਅਨੇਕ ਮਿਸਾਲਾਂ ਗਿਣਾਈਆਂ ਜਾ ਸਕਦੀਆਂ ਹਨ, ਜੋ ਰਾਜ ਅਤੇ ਧਰਮ ਨੂੰ ਰਲਗੱਡ ਕਰਕੇ ਚੱਲਣ ਦੀਆਂ ਜੱਗ-ਜ਼ਾਹਰ ਉਦਾਹਰਨਾਂ ਹਨ। ਫਰਾਂਸ ਤੋਂ ਰਾਫੇਲ ਜੰਗੀ ਜਹਾਜ਼ਾਂ ਦੀ ਪਹਿਲੀ ਖੇਪ ਹਾਸਲ ਕਰਨ ਵੇਲੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੱਲੋਂ ਉੱਥੇ ਹਿੰਦੂ ਰਹੁ-ਰੀਤਾਂ ਮੁਤਾਬਕ ਕੀਤੀ ਪੂਜਾ ਦੁਨੀਆ ਭਰ 'ਚ ਬਰਾਡਕਾਸਟ ਹੋਈ ਹੈ। 28 ਮਈ ਨੂੰ ਪਾਰਲੀਮੈਂਟ ਦੀ ਨਵੀਂ ਬਣੀ 1200 ਕਰੋੜੀ ਇਮਾਰਤ ਦੇ ਉਦਘਾਟਨ ਮੌਕੇ ਤਾਂ ਸਾਰੀਆਂ ਹੱਦਾਂ ਬੰਨੇ ਪਾਰ ਕਰਦਿਆਂ ਹਿੰਦੂ ਮੱਠਾਂ ਦੇ ਅਨੇਕਾਂ ਸਾਧਾਂ-ਸੰਤਾਂ ਨੇ ਘੰਟਿਆਂਬੱਧੀ ਹਵਨ ਯੱਗ ਰਚਾਏ, ਪ੍ਰਧਾਨ ਮੰਤਰੀ ਮੋਦੀ ਨੂੰ ਜਜ਼ਮਾਨ ਬਣਾਇਆ, ਸਿਰੇ ਦਾ ਪਿਛਾਖੜੀ ਮੱਧਯੁਗੀ ਕਾਰਾ ਹੈ। ਇਹੀ ਨਹੀਂ, ਇਸੇ ਇਮਾਰਤ ਦੇ ਬਾਹਰ ਵੱਡ-ਅਕਾਰੀ ਅੱਖਰਾਂ ਵਿੱਚ ਉੱਕਰੇ ਹੋਏ 'ਸੱਚ ਦੀ ਜਿੱਤ ਹੋਵੇ' ਦੇ ਸਾਹਮਣੇ ਫੋਟੋ ਖਿਚਵਾਉਂਦਾ ਬਾਹੂਬਲੀ ਭਾਜਪਾ ਦਾ ਮੈਂਬਰ ਪਾਰਲੀਮੈਂਟ ਬ੍ਰਿਜ ਭੂਸ਼ਨ ਸ਼ਰਨ ਸਿੰਘ ਮੁਸਕੜੀਏਂ ਹੱਸ ਰਿਹਾ ਸੀ। ਪਾਰਲੀਮੈਂਟ ਦੇ ਅੰਦਰ ਪ੍ਰਧਾਨ ਮੰਤਰੀ ਮੋਦੀ ਭਾਰਤ ਨੂੰ 'ਜਮਹੂਰੀਅਤ ਦੀ ਮਾਂ' ਦੱਸ ਕੇ ਆਪਣੇ ਰਾਜ ਦੇ ਗੁਣਗਾਣ ਕਰ ਰਿਹਾ ਸੀ। ਜੰਤਰ ਮੰਤਰ ਦਿੱਲੀ ਵਿਖੇ ਹੀ ਪੁਲਸ ਪਹਿਲਵਾਨ ਖਿਡਾਰਨਾਂ ਨੂੰ ਸੜਕਾਂ 'ਤੇ ਖਿੱਚ-ਧੂਹ ਕਰਕੇ ਅਸਲੀ ਜਮਹੂਰੀਅਤ ਦਰਸਾਅ ਰਹੀ ਸੀ।



ਨਰਾਇਣ ਦੱਤ

ਭਾਜਪਾ-ਸੰਘ ਪਰਵਾਰ ਵੱਲੋਂ ਇੱਕਸਾਰ ਸਿਵਲ ਕੋਡ ਲਿਆਉਣ ਪਿੱਛੇ ਔਰਤਾਂ ਦੀ ਮੁਕਤੀ ਦੇ ਮਸਲੇ ਨਾਲ ਜੋ ਹੇਜ ਜਤਾਇਆ ਜਾ ਰਿਹਾ ਹੈ, ਉਹ ਵੀ ਪੂਰੀ ਤਰ੍ਹਾਂ ਦੰਭ ਹੈ। ਮੁਸਲਿਮ ਔਰਤਾਂ ਨੂੰ ਬਹੁਪਤਨੀ ਵਿਆਹ ਪ੍ਰਥਾ, ਤਿੰਨ ਤਲਾਕ, ਹਿਜਾਬ

ਆਦਿ ਤੋਂ ਮੁਕਤ ਕਰਾਉਣ ਦੀ ਭਾਵਨਾ ਪਿੱਛੇ ਮੁੱਖ ਤੌਰ 'ਤੇ ਮੁਸਲਿਮ ਧਰਮ ਪ੍ਰਤੀ ਵਿਰੋਧ ਦੀ ਜ਼ੋਰਦਾਰ ਭਾਵਨਾ ਕਾਰਜਸ਼ੀਲ ਹੈ। ਇਸੇ ਸੰਘ ਲਾਣੇ ਦੇ ਸ਼ਿਸ਼ਕਰੇ ਹਿੰਦੂ ਫ਼ਿਰਕੂ-ਫਾਸ਼ੀ ਟੋਲੇ ਕਦੇ ਐਂਟੀ-ਰੋਮੀਓ ਸਕੁਐਡ ਬਣਾ ਕੇ ਤੇ ਕਦੇ ਲਵ-ਜਿਹਾਦ ਦੇ ਨਾਂਅ 'ਤੇ ਹਿੰਦੂ ਧਰਮ ਸਮੇਤ ਸਭਨਾਂ ਧਰਮਾਂ ਦੀਆਂ ਔਰਤਾਂ ਨੂੰ ਅਪਮਾਨਿਤ ਕਰਦੇ ਹਨ ਤੇ ਉਹਨਾਂ ਦਾ ਆਪਣੀ ਮਰਜ਼ੀ ਨਾਲ ਘੁੰਮਣ, ਆਪਣੀ ਪਸੰਦ ਦੀ ਡਰੈੱਸ ਪਹਿਨਣ ਜਾਂ ਪਸੰਦ ਦਾ ਜੀਵਨ-ਸਾਥੀ ਚੁਨਣ ਦਾ ਹੱਕ ਖੋਂਹਦੇ ਹਨ ਤੇ ਉਹਨਾਂ 'ਤੇ ਹਿੰਦੂ ਰੂੜੀਵਾਦੀ ਕਦਰਾਂ-ਕੀਮਤਾਂ ਜਬਰਨ ਠੋਸਦੇ ਹਨ। ਇਹੀ ਨਹੀਂ, ਔਰਤਾਂ ਉੱਤੇ ਜਬਰ ਕਰਨ ਦੀਆਂ ਘਟਨਾਵਾਂ 'ਚ ਮੋਦੀ ਦੇ ਰਾਜ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਉਨਾਓ ਕਾਂਡ, ਕਠੂਆ ਕਾਂਡ, ਨਿਰਭੈਆ ਕਾਂਡ, ਹਾਥਰਸ ਕਾਂਡ, ਹੁਣ ਪਹਿਲਵਾਨ ਖਿਡਾਰਨਾਂ ਨਾਲ ਸਰੀਰਕ ਛੇੜਛਾੜ ਕਰਨ ਵਾਲੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਅਤੇ ਬੀਜੇਪੀ ਦੇ ਐੱਮ ਪੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੀ ਕਰਤੂਤ ਕਿਸੇ ਕੋਲੋਂ ਗੁੱਝੀ ਨਹੀਂ। ਖੁਦ ਪਾਰਲੀਮੈਂਟ ਅੰਦਰ ਔਰਤਾਂ ਨਾਲ ਛੇੜਛਾੜ ਤੋਂ ਬਲਾਤਕਾਰ ਤੱਕ ਕਰਨ ਵਾਲੇ ਅਪਰਾਧੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਦੂਜੇ ਪਾਸੇ ਇਨ੍ਹਾਂ ਭੱਦਰਪੁਰਸ਼ਾਂ (ਐੱਮ ਐੱਲ ਏ/ਐੱਮ ਪੀ) ਦੇ ਮੁਕੱਮਦਿਆਂ ਦੇ ਨਿਬੇੜੇ ਲਈ ਸੁਪਰੀਮ ਕੋਰਟ ਦੀਆਂ ਹਦਾਇਤਾਂ 'ਤੇ ਕਾਇਮ ਕੀਤੀਆਂ ਵਿਸ਼ੇਸ਼ ਅਦਾਲਤਾਂ ਨੇ ਪੰਜ ਸਾਲਾਂ ਵਿੱਚ ਸਿਰਫ 6% ਮੁਕੱਦਮਿਆਂ ਦਾ ਫੈਸਲਾ ਕੀਤਾ ਹੈ।

ਮੋਦੀ ਹਕੂਮਤ ਵੱਲੋਂ ਯੂਨੀਫਾਰਮ ਸਿਵਲ ਕੋਡ ਲਿਆਉਣ ਦਾ ਮਕਸਦ ਵੀ ਸਿਵਲ ਕੋਡ 'ਚ ਹਾਂ-ਪੱਖੀ ਤਬਦੀਲੀਆਂ ਕਰਕੇ ਇਸ ਨੂੰ ਸੁਧਾਰਨਾ ਤੇ ਸਮੇਂ ਦਾ ਹਾਣੀ ਬਣਾਉਣਾ ਨਹੀਂ, ਸਗੋਂ ਇਸ ਦੀ ਆੜ 'ਚ ਹਿੰਦੂਤਵੀ ਕਦਰਾਂ-ਕੀਮਤਾਂ ਤੇ ਵਿਚਾਰਧਾਰਾ ਹੋਰਨਾਂ ਧਾਰਮਿਕ ਘੱਟ-ਗਿਣਤੀਆਂ ਅਤੇ ਜਨਜਾਤੀ ਭਾਈਚਾਰਿਆਂ ਉੱਪਰ ਹਕੂਮਤੀ ਤਾਕਤ ਦੇ ਜ਼ੋਰ ਜਬਰੀ ਠੋਸਣਾ ਹੈ। ਕਿਸੇ ਧਰਮ ਜਾਂ ਧਾਰਮਿਕ ਰਹੁ-ਰੀਤਾਂ 'ਚ ਸੁਧਾਰ ਜਾਂ ਪਰਿਵਰਤਨ ਕਰਨ ਦਾ ਮਸਲਾ ਉਸ ਧਰਮ ਦੇ ਲੋਕਾਂ ਦਾ ਆਪਣਾ ਮਸਲਾ ਹੈ। ਕਿਸੇ ਹਕੂਮਤ ਜਾਂ ਬਾਹਰੀ ਸ਼ਕਤੀ ਨੂੰ ਅਜਿਹੇ ਸੁਧਾਰਾਂ ਲਈ ਸੰਬੰਧਤ ਧਰਮ ਦੇ ਲੋਕਾਂ ਨੂੰ ਪ੍ਰੇਰਨ ਦਾ ਅਧਿਕਾਰ ਤਾਂ ਹੈ, ਪਰ ਉਹ ਅਜਿਹੇ ਸੁਧਾਰ ਉਹਨਾਂ 'ਤੇ ਜਬਰਨ ਠੋਸ ਨਹੀਂ ਸਕਦੇ। ਮੋਦੀ ਦੀ ਅਗਵਾਈ ਹੇਠ ਭਾਜਪਾ ਹਿੰਦੂ-ਮੁਸਲਮਾਨਾਂ ਦੇ ਆਧਾਰ 'ਤੇ ਫ਼ਿਰਕੂ ਪਾਲਾਬੰਦੀ ਕਰਕੇ ਹਕੂਮਤੀ ਤਾਕਤ ਹਥਿਆਉਣ ਦੀ ਖੇਡ ਪਿਛਲੇ ਤਿੰਨ-ਚਾਰ ਦਹਾਕਿਆਂ ਤੋਂ ਸਫ਼ਲਤਾ ਨਾਲ ਖੇਡਦੀ ਆ ਰਹੀ ਹੈ। ਇਸ ਪਾਲਾਬੰਦੀ ਲਈ ਅੱਡ-ਅੱਡ ਮੌਕੇ ਅੱਡ-ਅੱਡ ਮਸਲਿਆਂ ਨੂੰ ਇਸ ਮਕਸਦ ਲਈ ਵਰਤਿਆ ਗਿਆ। ਪ੍ਰਧਾਨ ਮੰਤਰੀ ਮੋਦੀ ਦਾ ਤਾਜ਼ਾ ਬਿਆਨ ਸਾਲ 2024 'ਚ ਹੋਣ ਵਾਲੀਆਂ ਸੰਸਦੀ ਚੋਣਾਂ ਲਈ ਫ਼ਿਰਕੂ ਲੀਹਾਂ 'ਤੇ ਪਾਲਾਬੰਦੀ ਦੇ ਇਸ ਅਮਲ ਨੂੰ ਜਾਰੀ ਰੱਖਣ ਲਈ ਹੋਰਨਾਂ ਗੱਲਾਂ ਦੇ ਨਾਲ-ਨਾਲ ਯੂਨੀਫਾਰਮ ਸਿਵਲ ਕੋਡ ਦੇ ਮਸਲੇ ਦੀ ਫ਼ਿਰਕੂ ਪਾਲਾਬੰਦੀ ਕਰ ਸਕਣ ਦੀ ਅਜਿਹੀ ਸਮਰੱਥਾ ਦੀ ਪਛਾਣ ਕਰਦਿਆਂ ਇਸ ਨੂੰ ਭੱਠੀ 'ਚ ਬਾਲਣ ਦੇ ਰੂਪ 'ਚ ਵਰਤਣ ਦੀਆਂ ਗੋਂਦਾਂ ਗੁੰਦਣ ਵਾਲਾ ਹੈ। ਮੋਦੀ ਹਕੂਮਤ ਦੇ ਇਹਨਾਂ ਨਾਪਾਕ ਮਨਸ਼ਿਆਂ ਨੂੰ ਪਛਾਨਣਾ, ਇਹਨਾਂ ਨੂੰ ਬੇਨਕਾਬ ਕਰਨਾ ਅਤੇ ਇਹਨਾਂ ਦਾ ਡਟ ਕੇ ਵਿਰੋਧ ਕਰਨਾ ਅੱਜ ਸਮੇਂ ਦੀ ਅਹਿਮ ਲੋੜ ਹੈ।

 # ਸੰਪਰਕ : 82475-11770

ਨਿਊਜ਼ੀਲੈਂਡ 'ਚ ਆਉਣ ਤੋਂ ਪਹਿਲਾਂ ਕੁਝ ਜਾਣਨ ਦੀ ਲੋੜ

ਜੇਕਰ ਤੁਸੀਂ ਪਹਿਲੀ ਵਾਰ ਨਿਊਜ਼ੀਲੈਂਡ ਆ ਰਹੇ ਹੋ ਤਾਂ ਹੇਠ ਲਿਖੀ ਜਾਣਕਾਰੀ ਤੁਹਾਡੇ ਲਈ ਕੁੱਝ ਲਾਭਕਾਰੀ ਰਹੇਗੀ :-

*ਨਿਊਜ਼ੀਲੈਂਡ ਵਿੱਚ ਬੀਜ ਆਦਿ ਲਿਆਉਣ ਦੀ ਮਨਾਹੀ ਹੈ, ਜੇਕਰ ਕੁੱਝ ਖਾਣ ਪੀਣ ਦਾ ਸਾਮਾਨ ਲਿਆਉਂਦੇ ਹੋ ਤਾਂ ਉਸ ਨੂੰ ਡਿਕਲੇਅਰ ਕਰਨਾ ਜ਼ਰੂਰੀ ਹੁੰਦਾ ਹੈ।

* ਰਿਸ਼ਵਤ ਨਹੀਂ ਚੱਲਦੀ। ਜੇਕਰ ਰਿਸ਼ਵਤ ਦੇਣ ਦੀ ਕੋਸ਼ਿਸ਼ ਕਰੋਗੇ ਤਾਂ ਤੁਹਾਡੇ 'ਤੇ ਅਸਲ ਜੁਰਮ ਦੇ ਨਾਲ ਰਿਸ਼ਵਤ ਦੇਣ ਦੀ ਕੋਸ਼ਿਸ਼ ਕਰਨ ਦਾ ਜੁਰਮ ਵੀ ਲਾਗੂ ਹੋ ਜਾਵੇਗਾ ।

* ਜੇ ਤੁਹਾਨੂੰ ਇੱਥੇ ਦੀ ਭਾਸ਼ਾ ਨਹੀਂ ਆਉਂਦੀ ਤਾਂ ਤੁਸੀਂ ਇੰਟਰਪ੍ਰੇਟਰ (ਦੋਭਾਸ਼ੀਏ) ਦੀ ਮਦਦ ਲੈ ਸਕਦੇ ਹੋ।

* ਇੱਥੇ ਝੂਠ, ਹੇਰਾ-ਫੇਰੀ ਜਾਂ ਬੇਈਮਾਨੀ ਨੂੰ ਬਹੁਤ ਬੁਰਾ ਮੰਨਿਆ ਜਾਂਦਾ ਹੈ

* ਇਥੇ ਸੜਕਾਂ 'ਤੇ ਜਾਂ ਕਿਸੇ ਵੀ ਪਬਲਿਕ ਥਾਂ 'ਤੇ ਕੂੜਾ-ਕਰਕਟ ਖਿਲਾਰਨਾ ਮਨ੍ਹਾਂ ਹੈ ।

* ਔਰਤਾਂ ਅਤੇ ਮਰਦ ਬਰਾਬਰ ਹਨ। ਔਰਤਾਂ ਹਰ ਖੇਤਰ ਵਿੱਚ ਕੰਮ ਕਰਦੀਆਂ ਹਨ

* ਔਰਤਾਂ ਦਾ ਪਿੱਛਾ ਕਰਨ ਜਾਂ ਛੇੜਛਾੜ ਕਰਨ ਨਾਲ ਪੁਲਸ ਰਿਪੋਰਟ ਹੋ ਜਾਂਦੀ ਹੈ ਅਤੇ ਮਾਮਲਾ ਅਦਾਲਤ ਤੱਕ ਵੀ ਪਹੁੰਚ ਸਕਦਾ ਹੈ

*ਕੋਈ ਵੀ ਤੁਹਾਡੇ ਵੱਲੋਂ ਕੀਤਾ ਹੋਇਆ ਜੁਰਮ ਤੁਹਾਨੂੰ ਪੱਕੇ ਹੋਣੋਂ ਰੋਕ ਸਕਦਾ ਹੈ

* ਜਾਤ-ਪਾਤ ਕਾਰਨ ਜਾਂ ਧਰਮ ਕਾਰਨ ਜਾਂ ਪੰਜਾਬੀ ਹੋਣ ਕਾਰਨ ਤੁਸੀਂ ਮਹਾਨ ਨਹੀਂ ਹੋ ਅਤੇ ਨਾ ਹੀ ਦੂਜਿਆਂ ਨਾਲੋਂ ਵੱਖਰੇ ਹੋ, ਇਸ ਕਰਕੇ ਇਥੇ ਫੁਕਰਾਪਨ ਨਹੀਂ ਚੱਲਦਾ

* ਘੱਟੋ-ਘੱਟ ਤਨਖਾਹ £22.70 ਪ੍ਰਤੀ ਘੰਟਾ (ਅਪ੍ਰੈਲ 2023) ਹੈ । ਇਸ ਰੇਟ 'ਤੇ ਕੰਮ ਕਰਨ ਵਾਲਿਆਂ ਦਾ ਤਕਰੀਬਨ ਤਨਖਾਹ ਮਿਲਣ ਤੋਂ ਪਹਿਲਾਂ ਤਕਰੀਬਨ 20% ਦੇ ਕਰੀਬ ਟੈਕਸ ਕੱਟ ਕੇ ਸਰਕਾਰ ਨੂੰ ਦਿੱਤਾ ਜਾਂਦਾ ਹੈ

*ਜੇਕਰ ਫੁੱਲ ਟਾਈਮ ਨੌਕਰੀ ਕਰਦੇ ਹੋ ਤਾਂ ਸਾਲ ਦੀਆਂ 4 ਹਫ਼ਤੇ

1-JULY-PAGE-5.qxd 6/30/2023 10:13 PM Page 1

ਮਜ਼ਦੂਰ ਮੁਕਤੀ ਮੋਰਚਾ ਵੱਲੋਂ ਬਿਗੜਵਾਲ 'ਚ ਲਲਕਾਰ ਰੈਲੀ

ਪ੍ਰਸ਼ਾਸਨ ਨੇ ਇਨਸਾਫ ਦੇਣ ਦਾ ਦਿੱਤਾ ਭਰੋਸਾ

ਮਜ਼ਦੂਰ ਮੁਕਤੀ ਮੋਰਚਾ ਦਾ ਆਗੂ ਇਕੱਠ ਨੂੰ ਸੰਬੋਧਨ ਕਰਦੇ ਹੋਏ।

ਦਿੜ੍ਹਬਾ (ਜਸਵੀਰ ਲਾਡੀ)

ਇੱਥੋਂ ਥੋੜ੍ਹੀ ਦੂਰ ਪਿੰਡ ਬਿਗੜਵਾਲ ਵਿਖੇ ਮਜ਼ਦੂਰ ਮੁਕਤੀ ਮੋਰਚਾ ਵੱਲੋਂ ਮਜ਼ਦੂਰਾਂ 'ਤੇ ਕੀਤੇ ਝੂਠੇ ਪਰਚੇ ਰੱਦ ਕਰਵਾਉਣ, ਮਜ਼ਦੂਰਾਂ ਦਾ ਸਾਮਾਨ ਤੇ ਝੰਡੇ ਫੂਕਣ ਵਾਲਿਆਂ ਖਿਲਾਫ ਕਾਰਵਾਈ ਕਰਵਾਉਣ ਅਤੇ ਪੰਚਾਇਤੀ ਜ਼ਮੀਨ 'ਚ ਹਿੱਸੇਦਾਰੀ ਨੂੰ ਲੈ ਕੇ ਲਲਕਾਰ ਰੈਲੀ ਕੀਤੀ ਗਈ। ਮਜ਼ਦੂਰਾਂ ਦੀ ਰੈਲੀ ਨੂੰ ਰੋਕਣ ਲਈ ਪ੍ਰਸ਼ਾਸਨ ਪਿਛਲੇ ਕਈ ਦਿਨਾਂ ਤੋਂ ਪੱਬਾਂ ਭਾਰ ਸੀ, ਇਸ ਲਈ ਹੀ ਸਵੇਰੇ ਤੋਂ ਪਿੰਡ ਬਿਗੜਵਾਲ ਨੂੰ ਡੀ ਐੱਸ ਪੀ ਭਰਪੂਰ ਸਿੰਘ ਦੀ ਅਗਵਾਈ ਹੇਠ ਪੁਲਸ ਛਾਉਣੀ ਵਿੱਚ ਤਬਦੀਲ ਕੀਤਾ ਹੋਇਆ ਸੀ।

ਝੋਨੇ ਦੇ ਸੀਜ਼ਨ ਦੌਰਾਨ ਮਜ਼ਦੂਰਾਂ ਦੀ ਕੀਤੀ ਗਈ ਰੈਲੀ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾ ਪ੍ਰਧਾਨ ਗੋਬਿੰਦ ਸਿੰਘ ਛਾਜਲੀ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਸੂਬਾਈ ਆਗੂ ਹਰਭਗਵਾਨ ਭੀਖੀ ਨੇ ਕਿਹਾ ਕਿ ਜਦੋਂ ਤੋਂ ਮਾਨ ਸਰਕਾਰ ਹੋਂਦ ਵਿੱਚ ਆਈ ਹੈ, ਉਦੋਂ ਤੋਂ ਮਜ਼ਦੂਰਾਂ ਦੇ ਮਸਲੇ ਨਜ਼ਰ ਅੰਦਾਜ਼ ਹੀ ਨਹੀਂ ਕੀਤੇ, ਬਲਕਿ ਦਲਿਤ ਮਜ਼ਦੂਰਾਂ 'ਤੇ ਹਮਲੇ ਤੇਜ਼ ਹੋਏ ਹਨ, ਪਰ ਪ੍ਰਸ਼ਾਸਨ ਵੱਲੋਂ ਮਜ਼ਦੂਰਾਂ ਦੀ ਸੁਣਵਾਈ ਤੱਕ ਨਹੀਂ ਕੀਤੀ ਜਾਂਦੀ।

ਉਨ੍ਹਾਂ ਕਿਹਾ ਕਿ ਪਿੰਡ ਬਿਗੜਵਾਲ ਵਿਖੇ ਪੰਚਾਇਤੀ ਡੰਮੀ ਬੋਲੀ ਖਿਲਾਫ ਮਜ਼ਦੂਰਾਂ ਵੱਲੋਂ ਸੰਘਰਸ਼ ਕੀਤਾ ਜਾ ਰਿਹਾ ਸੀ, ਪਰ ਕੁਝ ਅਖੌਤੀ ਉੱਚ ਜਾਤੀ ਦੇ ਜਗੀਰੂ ਸੋਚ ਵਾਲਿਆਂ ਤੇ ਪ੍ਰਸ਼ਾਸਨ ਦੀ ਸਰਪ੍ਰਸਤੀ ਹੇਠ ਮਜ਼ਦੂਰਾਂ ਦਾ ਸਾਮਾਨ ਹੀ ਨਹੀਂ ਫੂਕਿਆ, ਬਲਕਿ ਜਥੇਬੰਦੀ ਦੇ ਝੰਡੇ ਨੂੰ ਵੀ ਸਾੜਣ ਸਮੇਤ ਮਜ਼ਦੂਰਾਂ 'ਤੇ ਝੂਠੇ ਪਰਚੇ ਦਰਜ ਕੀਤੇ ਗਏ, ਜੋ ਭਗਵੰਤ ਮਾਨ ਸਰਕਾਰ ਦੇ ਲੋਕਾਂ ਨਾਲ ਇਨਸਾਫ ਦੇਣ ਦੇ ਵਾਅਦਿਆਂ ਨੂੰ ਬੇਪਰਦ ਕਰਦੇ ਹਨ। ਬੁਲਾਰਿਆਂ ਨੇ ਕਿਹਾ ਕਿ ਪੰਜਾਬ ਦਾ ਵਿਰਸਾ ਰਿਹਾ ਹੈ ਕਿ ਉਸ ਨੇ ਕਦੇ ਵੀ ਜ਼ਿਆਦਤੀਆਂ ਨੂੰ ਬਰਦਾਸ਼ਤ ਨਹੀਂ ਕੀਤਾ, ਇਸ ਲਈ ਜੇਕਰ ਮਜ਼ਦੂਰਾਂ ਨੂੰ ਇਨਸਾਫ ਨਾ ਮਿਲਿਆ ਤਾਂ ਅੰਦੋਲਨ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਐਲਾਨ ਕੀਤਾ ਇੱਕ ਜੁਲਾਈ ਤੋਂ ਲੈ ਕੇ ਪੰਜ ਜੁਲਾਈ ਤੱਕ ਸਰਕਾਰ ਤੇ ਪ੍ਰਸ਼ਾਸਨ ਦੀਆਂ ਅਰਥੀਆਂ ਸਾੜੀਆਂ ਜਾਣਗੀਆਂ। ਜਦੋਂ ਆਗੂਆਂ ਨੇ ਐਲਾਨ ਕੀਤਾ ਕਿ ਪਿੰਡ 'ਚ ਜਲੂਸ ਕੱਢਿਆ ਜਾਵੇਗਾ ਤਾਂ ਪੁਲਸ ਨੇ ਘੇਰਾਬੰਦੀ ਕਰਦਿਆਂ ਮੌਕੇ 'ਤੇ ਪੁੱਜੇ ਤਹਿਸੀਲਦਾਰ ਤੇ ਡੀ ਐੱਸ ਪੀ ਸਾਹਿਬ ਨੇ ਭਰੋਸਾ ਦਿੱਤਾ ਕਿ ਝੰਡੇ ਤੇ ਸਾਮਾਨ ਫੂਕਣ ਵਾਲਿਆਂ 'ਤੇ ਪਰਚੇ ਕੀਤੇ ਜਾਣਗੇ ਤੇ ਜਲਦੀ ਬਾਕੀ ਮਸਲੇ ਵੀ ਹੱਲ ਕੀਤੇ ਜਾਣਗੇ। ਇਸ ਲਲਕਾਰ ਰੈਲੀ ਨੂੰ ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾ ਮੀਤ ਪ੍ਰਧਾਨ ਵਿਜੇ ਭੀਖੀ, ਮਨਜੀਤ ਕੌਰ ਆਲੋਅਰਖ, ਧਰਮਪਾਲ ਸੁਨਾਮ, ਘੁਮੰਡ ਸਿੰਘ ਖਾਲਸਾ, ਕੁਲਵੰਤ ਸਿੰਘ ਛਾਜਲੀ, ਗਗਨਦੀਪ ਸਿੰਘ ਖੜਕ ਸਿੰਘ ਵਾਲਾ, ਵਿਦਿਆਰਥੀ ਜਥੇਬੰਦੀ ਆਇਸਾ ਦੇ ਆਗੂ ਸੁਖਜੀਤ ਸਿੰਘ ਰਾਮਾਨੰਦੀ, ਸੀਰਾ ਸਿੰਘ ਬਿਗੜਵਾਲ, ਸੁਖਪਾਲ ਕੌਰ ਟਿੱਬੀ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਧਰਮਪਾਲ ਸਿੰਘ ਨੇ ਵੀ ਸੰਬੋਧਨ ਕੀਤਾ।

ਸਰਪੰਚ ਦੇ ਪਿਤਾ 'ਤੇ ਕੁੱਟਮਾਰ ਤੇ ਦਸਤਾਰ ਦੀ ਬੇਅਦਬੀ ਕਰਨ ਦੇ ਦੋਸ਼

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)

ਗੁਰਦੁਆਰਾ ਪਾਤਸ਼ਾਹੀ ਛੇਵੀਂ ਮਹਿਲ ਕਲਾਂ ਵਿਖੇ ਪ੍ਰਧਾਨ ਸ਼ੇਰ ਸਿੰਘ ਖਾਲਸਾ ਨੇ ਸਥਾਨਕ ਸਰਪੰਚ ਦੇ ਪਿਤਾ 'ਤੇ ਕੁੱਟਮਾਰ ਕਰਕੇ ਦਸਤਾਰ ਦੀ ਬੇਅਦਬੀ ਕਰਨ ਦਾ ਕਥਿਤ ਦੋਸ਼ ਲਗਾਇਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਸ਼ੇਰ ਸਿੰਘ ਨੇ ਦੱਸਿਆ ਕਿ ਸਰਪੰਚ ਦਾ ਪਿਤਾ, ਜੋ ਖੁਦ ਗੁਰਦੁਆਰਾ ਕਮੇਟੀ ਦਾ ਅਹੁਦੇਦਾਰ ਵੀ ਹੈ, ਉਸ ਵੱਲੋਂ ਗੁਰਦੁਆਰਾ ਕੰਪਲੈਕਸ ਅੰਦਰ ਚਲਦੀ ਡਿਸਪੈਂਸਰੀ ਦੀ ਕੰਧ 'ਚੋਂ ਟਾਕੀ ਕਢਵਾਉਣ ਲਈ ਆਖਿਆ ਗਿਆ, ਜਿਸ 'ਤੇ ਉਨ੍ਹਾਂ ਕਮੇਟੀ ਦੇ ਅਹੁਦੇਦਾਰਾਂ ਨਾਲ ਰਾਇ ਸਲਾਹ ਕਰਨ ਤੋਂ ਬਾਅਦ ਇਹ ਕੰਮ ਕਰਨ ਦਾ ਯਕੀਨ ਦੁਆਇਆ। ਇਹ ਕੰਮ ਤੁਰੰਤ ਨਾ ਕਰਨ 'ਤੇ ਉਹ ਆਪਾ ਖੋ ਬੈਠਾ ਤੇ ਮੈਨੂੰ ਧੱਕਾ ਮਾਰ ਕੇ ਹੇਠਾਂ ਸੁੱਟ ਦਿੱਤਾ ਅਤੇ ਮੇਰੀ ਦਸਤਾਰ ਦੀ ਵੀ ਬੇਅਦਬੀ ਕੀਤੀ। ਉਸ ਨੇ ਮੇਰੀ ਹਿੱਕ 'ਤੇ ਬੈਠ ਕੇ ਮੇਰੇ ਗਲ ਅੰਗੂਠਾ ਦੇਣ ਦੀ ਕੋਸ਼ਿਸ਼ ਕੀਤੀ ਤੇ ਕੁੱਟਮਾਰ ਕੀਤੀ। ਇਹ ਸਭ ਕੁੱਝ ਹੁੰਦਾ ਦੇਖ ਮੌਕੇ 'ਤੇ ਮੌਜੂਦ ਗੁਰਦੁਆਰਾ ਕਮੇਟੀ ਦੇ ਆਗੂਆਂ ਵੱਲੋਂ ਮੈਨੂੰ ਬਚਾਇਆ ਗਿਆ। ਇਸ ਸਬੰਧੀ ਉਨ੍ਹਾਂ ਕਮੇਟੀ ਦੇ ਅਹੁਦੇਦਾਰਾਂ ਤੇ ਮੁਹਤਬਰਾਂ ਨੂੰ ਨਾਲ ਲੈ ਕੇ ਲਿਖਤੀ ਸ਼ਿਕਾਇਤ ਪੁਲਸ ਥਾਣਾ ਮਹਿਲ ਕਲਾਂ ਨੂੰ ਦੇ ਦਿੱਤੀ ਹੈ। ਉਨ੍ਹਾਂ ਮੰਗ ਕੀਤੀ ਜੇਕਰ ਦੋਸ਼ੀ ਖ਼ਿਲਾਫ ਬਣਦੀ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਨੰਬਰਦਾਰ ਮਹਿੰਦਰ ਸਿੰਘ, ਨੰਬਰਦਾਰ ਆਤਮਾ ਸਿੰਘ, ਹਰਬੰਸ ਸਿੰਘ, ਅਜਮੇਰ ਸਿੰਘ ਧਾਲੀਵਾਲ, ਨਿੱਕਾ ਸਿੰਘ, ਮੱਲ ਸਿੰਘ ਘੜੀ ਵਾਲੇ ਆਦਿ ਹਾਜ਼ਰ ਸਨ। ਓਧਰ ਦੂਜੇ ਪਾਸੇ ਸਰਪੰਚ ਦੇ ਪਿਤਾ ਨੇ ਪ੍ਰਧਾਨ ਵੱਲੋਂ ਲਾਏ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਅਜਿਹਾ ਕੁਝ ਨਹੀਂ ਹੋਇਆ। ਪੁਲਸ ਥਾਣਾ ਮਹਿਲ ਕਲਾਂ ਦੇ ਐੱਸ.ਐੱਚ.ਓ. ਕਮਲਜੀਤ ਸਿੰਘ ਗਿੱਲ ਨੇ ਦੱਸਿਆ ਕਿ ਇਸ ਝਗੜੇ ਸਬੰਧੀ ਸ਼ਿਕਾਇਤ ਪ੍ਰਧਾਨ ਸ਼ੇਰ ਸਿੰਘ ਵੱਲੋਂ ਕੀਤੀ ਗਈ ਹੈ, ਜੇਕਰ ਦੋਵਾਂ ਧਿਰਾਂ ਵਿਚਕਾਰ ਸਮਝੌਤਾ ਨਹੀਂ ਹੁੰਦਾ ਤਾਂ ਬਣਦੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

ਵਿਧਾਇਕ ਕਟਾਰੀਆ ਤੋਂ ਖਫਾ ਭੈਣ ਤੇ ਜੀਜਾ 'ਆਪ' ਛੱਡ ਕਾਂਗਰਸ 'ਚ ਸ਼ਾਮਲ

ਜ਼ੀਰਾ (ਨਰਿੰਦਰ ਅਨੇਜਾ)-ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ, ਜਦ ਹਲਕਾ ਜ਼ੀਰਾ ਦੇ ਵਿਧਾਇਕ ਨਰੇਸ਼ ਕਟਾਰੀਆ ਤੋਂ ਖਫਾ ਸਕੀ ਭੈਣ ਤੇ ਜੀਜਾ ਸੁਨੀਲ ਕੁਮਾਰ ਨੀਲੂ ਆਪਣੇ ਪਰਿਵਾਰ ਸਮੇਤ ਆਮ ਆਦਮੀ ਪਾਰਟੀ ਨੂੰ ਅਲਵਿਦਾ ਆਖ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਵਿਧਾਇਕ ਨਰੇਸ਼ ਕਟਾਰੀਆ ਦੇ ਜੀਜਾ ਸੁਨੀਲ ਕੁਮਾਰ ਨੀਲੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾ ਲਈ ਦਿਨ-ਰਾਤ ਇੱਕ ਕਰ ਦਿੱਤਾ, ਪਰ ਉਨ੍ਹਾਂ ਨੇ ਸਾਡੀ ਮਿਹਨਤ ਦਾ ਕੋਈ ਮੁੱਲ ਨਹੀਂ ਪਾਇਆ। ਐੱਮ ਐੱਲ ਏ ਬਣਨ ਤੋਂ ਬਾਅਦ ਸਾਡਾ ਫੋਨ ਚੁੱਕਣਾ ਵੀ ਬੰਦ ਕਰ ਦਿੱਤਾ। ਉਨ੍ਹਾ ਕਿਹਾ ਕਿ ਜੋ ਆਪਣੀ ਸਕੀ ਭੈਣ ਦਾ ਨਹੀਂ ਹੋ ਸਕਿਆ, ਉਹ ਕਿਸੇ ਆਮ ਵਰਕਰ ਦਾ ਕੀ ਹੋਵੇਗਾ? ਜਿਨ੍ਹਾਂ ਵਰਕਰਾਂ ਨੇ ਉਨ੍ਹਾ ਨੂੰ ਜਿਤਾਉਣ ਵਿੱਚ ਕੋਈ ਕਸਰ ਨਹੀਂ ਛੱਡੀ, ਉਨ੍ਹਾਂ ਨੂੰ ਪੁੱਛਣ ਦੀ ਬਜਾਏ ਉਹ ਦੂਸਰੀਆਂ ਪਾਰਟੀਆਂ ਦੇ ਵਰਕਰਾਂ 'ਤੇ ਡੋਰੇ ਪਾਉਣ ਲੱਗ ਪਏ ਹਨ, ਜਦਕਿ ਕੁਲਬੀਰ ਸਿੰਘ ਜ਼ੀਰਾ ਆਪਣੇ ਪੁਰਾਣੇ ਵਰਕਰਾਂ ਨੂੰ ਹਮੇਸ਼ਾ ਹੀ ਅਹਿਮੀਅਤ ਦਿੰਦੇ ਰਹਿੰਦੇ ਹਨ। ਇਸ ਲਈ ਉਸ ਨੇ ਆਪਣੇ ਸਾਲੇ ਦਾ ਸਾਥ ਛੱਡ ਕੇ ਕੁਲਬੀਰ ਸਿੰਘ ਜ਼ੀਰਾ ਦਾ ਹੱਥ ਫੜਿਆ। ਉਨ੍ਹਾ ਕਿਹਾ ਕਿ ਮੌਜੂਦਾ ਐੱਮ ਐੱਲ ਏ ਹੋਵੇ ਤੇ ਸਰਕਾਰ ਵੀ ਉਸ ਦੀ ਹੋਵੇ, ਤਾਂ ਕੋਈ ਪਾਰਟੀ ਛੱਡਦੇ? ਪਰ ਮੈਂ ਆਪਣੀ ਜਮੀਰ ਮਾਰ ਕੇ ਪਾਰਟੀ ਵਿੱਚ ਨਹੀਂ ਰਹਿ ਸਕਦਾ ਸੀ। ਇਸ ਲਈ ਪਾਰਟੀ ਨੂੰ ਛੱਡਣਾ ਹੀ ਮੁਨਾਸਿਬ ਸਮਝਿਆ। ਇਸ ਮੌਕੇ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਫਿਰੋਜ਼ਪੁਰ ਤੋਂ ਪ੍ਰਧਾਨ ਤੇ ਸਾਬਕਾ ਵਿਧਾਇਕ ਕੁਲਬੀਰ ਜ਼ੀਰਾ ਨੇ ਉਨ੍ਹਾਂ ਦਾ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਭਰਵਾਂ ਸਵਾਗਤ ਕੀਤਾ। ਕੁਲਬੀਰ ਜ਼ੀਰਾ ਨੇ ਕਿਹਾ ਕਿ ਵਿਧਾਇਕ ਨਰੇਸ਼ ਕਟਾਰੀਆ ਨੇ ਅੱਜ ਤੱਕ ਜਿੰਨੀਆਂ ਵੀ ਪਾਰਟੀਆਂ ਬਦਲੀਆਂ ਉਨ੍ਹਾਂ ਦੀ ਭੈਣ ਤੇ ਜੀਜਾ ਹਮੇਸ਼ਾ ਉਨ੍ਹਾਂ ਦੇ ਨਾਲ ਖੜੇ ਰਹੇ, ਪਰ ਵਿਧਾਇਕ ਕਟਾਰੀਆ ਨੇ ਭੈਣ-ਭਰਾ ਵਾਲਾ ਰਿਸ਼ਤਾ ਠੀਕ ਤਰ੍ਹਾਂ ਨਹੀਂ ਨਿਭਾਇਆ। ਕੁਲਬੀਰ ਜ਼ੀਰਾ ਨੇ ਕਿਹਾ ਕਿ ਆਪ ਸਰਕਾਰ ਵਿੱਚ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ, ਲੋਕਾਂ ਨੂੰ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਰਿਸ਼ਵਤਖੋਰੀ ਦਾ ਬੋਲਬਾਲਾ ਹੈ, ਜਿਸ ਤੋਂ ਦੁਖੀ ਹੋ ਕਿ ਲੋਕ ਆਪ ਪਾਰਟੀ ਛੱਡ ਰਹੇ ਹਨ। ਉਨ੍ਹਾ ਕਿਹਾ ਕਿ ਮੈਂ ਪਹਿਲਾਂ ਵੀ ਦਿਨ-ਰਾਤ ਜ਼ੀਰਾ ਹਲਕੇ ਦੇ ਲੋਕਾਂ ਨਾਲ ਖੜਾ ਸੀ ਤੇ ਅੱਜ ਵੀ ਉਨ੍ਹਾਂ ਦੀ ਸੇਵਾ ਵਿੱਚ ਹਾਜ਼ਰ ਹਾਂ। ਇਸ ਮੌਕੇ ਨਗਰ ਕੌਂਸਲ ਜ਼ੀਰਾ ਦੇ ਪ੍ਰਧਾਨ ਰਛਪਾਲ ਸਿੰਘ, ਹਰੀਸ਼ ਤਾਂਗੜਾ, ਪੀ ਏ ਰੂਬਲ ਵਿਰਦੀ ਆਦਿ ਹਾਜ਼ਰ ਸਨ।

ਕਾਤਰਾਂ

ਠੇਕਾ ਕਾਮਿਆਂ ਵੱਲੋਂ ਮੁਕੰਮਲ ਹੜਤਾਲ ਅੱਜ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਪਾਵਰਕਾਮ ਸੀ ਐੱਚ ਬੀ ਤੇ ਡਬਲਿਊ ਕਾਮਿਆਂ ਦੀਆਂ ਮੰਗਾਂ ਨੂੰ ਲੈ ਕੇ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ, ਪਰ ਸਰਕਾਰ ਤੇ ਮੈਨੇਜਮੈਂਟ ਬਿਜਲੀ ਸਪਲਾਈ ਨੂੰ ਬਹਾਲ ਕਰਨ ਵਾਲੇ ਕਾਮਿਆਂ ਦੀਆਂ ਮੰਗਾਂ ਵੱਲ ਧਿਆਨ ਦੇਣ ਤੋਂ ਪਾਸਾ ਵੱਟਦੀ ਆ ਰਹੀ ਹੈ। ਪਾਵਰਕਾਮ ਮੈਨੇਜਮੈਂਟ ਵੱਲੋਂ ਮੰਗਾਂ ਤੋਂ ਪਾਸਾ ਵੱਟ ਦੇ ਵਿਰੋਧ ਵਿੱਚ ਪਾਵਰਕਾਮ ਦੇ ਠੇਕਾ ਕਰਮਚਾਰੀਆਂ ਵੱਲੋਂ ਸੰਘਰਸ ਦਾ ਐਲਾਨ ਕੀਤਾ ਗਿਆ ਹੈ, ਜਿਸ ਦੇ ਤਹਿਤ ਠੇਕਾ ਕਾਮੇ ਪਹਿਲੀ ਜੁਲਾਈ ਤੋਂ ਮੁਕੰਮਲ ਹੜਤਾਲ ਕਰਕੇ ਕੈਬਨਿਟ ਮੰਤਰੀਆਂ ਦੇ ਦੇ ਦਫਤਰਾਂ ਅੱਗੇ ਧਰਨੇ ਦੇਣਗੇ। ਇਹ ਜਾਣਕਾਰੀ ਜਥੇਬੰਦੀ ਦੇ ਬਲਾਕ ਪ੍ਰਧਾਨ ਜਗਸੀਰ ਸਿੰਘ ਜੱਗੀ ਨੇ ਦਿੱਤੀ।

ਸੂਬਾਈ ਰੋਸ ਪ੍ਰਦਰਸ਼ਨ 'ਚ ਡੀ ਟੀ ਐੱਫ ਕਰੇਗੀ ਸ਼ਮੂਲੀਅਤ

ਮੋਗਾ (ਅਮਰਜੀਤ ਬੱਬਰੀ)-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਨੇ ਕਿਹਾ ਕਿ ਡੀ.ਟੀ.ਐੱਫ. ਪੰਜਾਬ ਵੱਲੋਂ ਕੱਚੇ ਅਧਿਆਪਕਾਂ, ਕਰਮਚਾਰੀਆਂ ਵੱਲੋਂ 1 ਜੁਲਾਈ ਨੂੰ ਖੁਰਾਣਾ (ਸੰਗਰੂਰ) ਵਿਖੇ ਕੀਤੇ ਜਾ ਰਹੇ ਸੂਬਾਈ ਰੋਸ ਪ੍ਰਦਰਸ਼ਨ ਵਿੱਚ ਡੱਟਵੀਂ ਹਮਾਇਤ ਦਿੰਦਿਆਂ, 11 ਵਜੇ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ ਹੈ। ਸੂਬਾ ਕਮੇਟੀ ਵੱਲੋਂ ਸਮੂਹ ਬਲਾਕ ਤੇ ਜ਼ਿਲ੍ਹਾ ਕਮੇਟੀਆਂ ਅਤੇ ਸਮੂਹ ਅਧਿਆਪਕ ਵਰਗ ਨੂੰ ਇਸ ਸੰਘਰਸ਼ ਵਿੱਚ ਸ਼ਾਮਲ ਹੋਣ ਦੀ ਪੁਰਜ਼ੋਰ ਅਪੀਲ ਕੀਤੀ ਗਈ।

ਭਾਜਪਾ ਵੱਲੋਂ ਮਹਾਂ ਲੋਕ ਸੰਪਰਕ ਅਭਿਆਨ

ਬਰੇਟਾ (ਰੀਤਵਾਲ)-ਕੇਂਦਰ ਸਰਕਾਰ ਵੱਲੋਂ ਪਿਛਲੇ 9 ਸਾਲਾਂ ਦੌਰਾਨ ਕੀਤੇ ਕੰਮਾਂ ਨੂੰ ਘਰ ਘਰ ਪਹੁੰਚਾਉਣ ਲਈ ਭਾਰਤੀ ਜਨਤਾ ਪਾਰਟੀ ਵੱਲੋਂ ਮਹਾਂ ਲੋਕ ਸੰਪਰਕ ਅਭਿਆਨ ਸ਼ੁਰੂ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਮੰਡਲ ਪ੍ਰਧਾਨ ਗਗਨਦੀਪ ਸ਼ਰਮਾ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਵੱਲੋਂ 150 ਦੇ ਕਰੀਬ ਲੋਕ ਭਲਾਈ ਦੀਆਂ ਸਕੀਮਾਂ ਚਲਾਈਆਂ ਗਈਆਂ ਹਨ, ਜਿਨ੍ਹਾਂ ਦਾ ਲਾਭ ਭਾਰਤ ਦੇ ਕਰੋੜਾਂ ਲੋਕ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਲੋਕਾਂ ਵੱਲੋਂ ਮਹਾਂ ਲੋਕ ਸੰਪਰਕ ਅਭਿਆਨ ਨੂੰ ਭਰਵਾਂ ਸਹਿਯੋਗ ਮਿਲ ਰਿਹਾ ਹੈ ਤੇ ਵੱਡੀ ਗਿਣਤੀ ਵਿੱਚ ਲੋਕ ਭਾਰਤੀ ਜਨਤਾ ਪਾਰਟੀ ਨਾਲ ਜੁੜ ਰਹੇ ਹਨ। ਇਸ ਮੌਕੇ ਸੀਨੀਅਰ ਭਾਜਪਾ ਆਗੂ ਸੂਰਜ ਪ੍ਰਕਾਸ਼, ਡਿੰਪਲ ਸ਼ਰਮਾ, ਜਗਸੀਰ ਸ਼ਰਮਾ ਮੰਡੇਰ, ਰਿਸ਼ੂ ਗਰਗ, ਨਰਿੰਦਰ ਕੁਮਾਰ, ਸੁਭਾਸ਼ ਕੁਮਾਰ ਹਾਜ਼ਰ ਸਨ।

ਚੈੱਕ ਬਾਊਂਸ 'ਤੇ ਇੱਕ 'ਤੇ ਮਾਮਲਾ ਦਰਜ

ਮਮਦੋਟ (ਜਸਬੀਰ ਸਿੰਘ ਕੰਬੋਜ)-ਮਮਦੋਟ ਪੁਲਸ ਵੱਲੋਂ ਚੈੱਕ ਬਾਊਂਸ ਮਾਮਲੇ 'ਚ ਲੋੜੀਂਦੇ ਕਥਿਤ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਕੇਸ ਦੇ ਤਫਤੀਸ਼ੀ ਅਫਸਰ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਨੇ ਦੱਸਿਆ ਕਿ ਜੁਗਿੰਦਰ ਰਾਮ ਪੁੱਤਰ ਰਾਮ ਨਾਥ ਵਾਸੀ ਮਮਦੋਟ ਨੇ ਪੁਲਸ ਪਾਸ ਸ਼ਿਕਾਇਤ ਕੀਤੀ ਸੀ ਕਿ ਵਿਕਾਸ ਗੱਖੜ ਵਾਸੀ ਮਮਦੋਟ ਨੇ ਉਸ ਨੂੰ 11 ਲੱਖ ਦਾ ਚੈੱਕ ਦਿਤਾ ਸੀ ਜੋ ਕਿ ਬਾਊਂਸ ਹੋ ਗਿਆ। ਉਨ੍ਹਾ ਦੱਸਿਆ ਕਿ ਉਕਤ ਵਿਅਕਤੀ ਖਿਲਾਫ ਆਈ ਪੀ ਸੀ ਦੀ ਧਾਰਾ 138 ਐੱਨ ਏ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ ਤੇ ਉਕਤ ਕਥਿਤ ਦੋਸ਼ੀ ਜੋ ਕਿ ਆਪਣਾ ਪਤਾ ਬਦਲ ਕੇ ਮੋਹਾਲੀ ਵਿਖੇ ਕਾਰੋਬਾਰ ਕਰ ਰਿਹਾ ਸੀ, ਨੂੰ ਗੁਪਤ ਸੂਚਨਾ ਦੇ ਅਧਾਰ 'ਤੇ ਗ੍ਰਿਫ਼ਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਉਨ੍ਹਾ ਦੱਸਿਆ ਕਿ ਉਕਤ ਵਿਅਕਤੀ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ ਜਿਥੇ ਮਾਣਯੋਗ ਅਦਾਲਤ ਵੱਲੋਂ ਉਕਤ ਵਿਅਕਤੀ ਨੂੰ ਜੇਲ੍ਹ ਭੇਜ ਦਿੱਤਾ ਗਿਆ।

ਮਾਮਲਾ ਮਹਿੰਦਰ ਪਾਲ ਲੂੰਬਾ ਦੀ ਸਿਆਸੀ ਅਧਾਰ 'ਤੇ ਕੀਤੀ ਬਦਲ

page-6-1-(JULY)-2023-G-(BV).qxd 6/30/2023 10:07 PM Page 1

ਪਿੰਗਲਵਾੜਾ ਸਕੂਲ ਦੇ ਜੇਤੂ ਖਿਡਾਰੀਆਂ ਦਾ ਸ਼ਾਨਦਾਰ ਸਵਾਗਤ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਅੰਤਰਰਾਸ਼ਟਰੀ ਸਪੈਸ਼ਲ ਉਲੰਪਿਕ ਜੋ ਕਿ ਜਰਮਨੀ ਦੇ ਬਰਲਿਨ ਸ਼ਹਿਰ ਵਿੱਚ ਮਿਤੀ 17 ਤੋਂ 25 ਜੂਨ, 2023 ਤੀਕ ਹੋਈਆਂ, 'ਚ ਪਿੰਗਲਵਾੜੇ ਦੇ ਸਪੈਸ਼ਲ ਸਕੂਲ ਦੇ ਤਿੰਨ ਖਿਡਾਰੀਆਂ ਨੇ ਇਕ ਸੋਨੇ ਦਾ ਮੈਡਲ ਅਤੇ ਤਿੰਨ ਬਰੌਂਜ਼ ਮੈਡਲ ਜਿੱਤ ਕੇ 28 ਜੂਨ ਨੂੰ ਅੰਮ੍ਰਿਤਸਰ ਵਾਪਸੀ ਕੀਤੀ। ਇਹ ਸਕੂਲ ਪਿੰਗਲਵਾੜਾ ਅੰਮ੍ਰਿਤਸਰ ਅਤੇ ਪਿੰਗਲਵਾੜਾ ਸੋਸਾਇਟੀ ਆਫ਼ ਓਂਟਾਰੀਓ ਵੱਲੋਂ ਸਾਂਝੇ ਪ੍ਰੋਜੈਕਟ ਦੇ ਤੌਰ 'ਤੇ ਲਗਾਇਆ ਜਾ ਰਿਹਾ ਹੈ ਜਿਸ ਵਿੱਚ ਕੈਨੇਡਾ ਭਰ ਦੀਆਂ ਸਮੂਹ ਸੰਗਤਾਂ ਵੱਲੋਂ ਭਰਵਾਂ ਯੋਗਦਾਨ ਦਿੱਤਾ ਜਾਂਦਾ ਹੈ। ਇਨ੍ਹਾਂ ਖਿਡਾਰੀਆਂ ਦੇ ਸਨਮਾਨ ਅਤੇ ਹੌਸਲਾ ਅਫ਼ਜ਼ਾਈ ਲਈ ਮਾਨਾਂਵਾਲਾ ਬ੍ਰਾਂਚ ਤੋਂ ਇਕ ਜੇਤੂ ਮਾਰਚ ਕੱਢਿਆ ਗਿਆ। ਇਸ ਮਾਰਚ ਨੂੰ ਮਾਨਾਂਵਾਲਾ ਬ੍ਰਾਂਚ ਤੋਂ ਸਮੂਹ ਸਟਾਫ਼ ਸੇਵਾਦਾਰ ਅਤੇ ਪਿੰਗਲਵਾੜੇ ਦੇ ਬੱਚਿਆਂ ਵਲੋਂ ਬੈਂਡ ਵਾਜੇ ਨਾਲ ਭੰਗੜਾ ਪਾ ਕੇ ਰਵਾਨਾ ਕੀਤਾ ਗਿਆ। ਰਸਤੇ ਵਿੱਚ ਗੋਲਡਨ ਗੇਟ ਵਿਖੇ ਵੱਡੀ ਗਿਣਤੀ ਵਿੱਚ ਸ਼ਹਿਰ ਦੀ ਸੰਗਤ ਵੱਲੋਂ ਜੇਤੂ ਖਿਡਾਰੀਆਂ ਨੂੰ ਹਾਰ ਪਾ ਕੇ ਅਤੇ ਫੁੱਲਾਂ ਦੀ ਵਰਖਾ ਕਰਕੇ ਉਤਸ਼ਾਹ ਵਧਾਇਆ ਗਿਆ। ਭੰਡਾਰੀ ਪੁਲ 'ਤੇ ਨਰਿੰਦਰ ਜੀਤ ਸਿੰਘ ਦੀ ਅਗਵਾਈ ਵਿੱਚ ਖਾਲਸਾ ਗਲੋਬਲ ਰੀਚ ਫਾਊਂਡੇਸ਼ਨ ਦੇ ਸਮੂਹ ਮੈਂਬਰਾਂ ਨੇ ਖਿਡਾਰੀਆਂ ਦਾ ਸਨਮਾਨ ਕੀਤਾ। ਹੁਸੈਨਪੁਰਾ ਰਾਹੀਂ ਬੱਸ ਸਟੈਂਡ ਤੋਂ ਹੁੰਦਾ ਹੋਇਆ ਇਹ ਜੇਤੂ ਮਾਰਚ ਪਿੰਗਲਵਾੜਾ ਮੇਨ ਬ੍ਰਾਂਚ ਵਿਖੇ ਪਹੁੰਚਿਆ ਜਿਥੇ ਪੂਰੇ ਜੋਸ਼ ਨਾਲ ਜੇਤੂਆਂ ਦਾ ਸਿਹਰੇ ਪਾ ਕੇ ਅਤੇ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ। ਇਸ ਮੌਕੇ ਖਾਸ ਸਵਾਗਤੀ ਪ੍ਰੋਗਰਾਮ ਰੱਖਿਆ ਗਿਆ ਜਿਸ ਵਿੱਚ ਅੰਮ੍ਰਿਤਸਰ ਦੇ ਪਤਵੰਤੇ ਬੁਲਾਰਿਆਂ ਨੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਪ੍ਰਮੁੱਖ ਬੁਲਾਰਿਆਂ ਵਿੱਚ ਬੀਬੀ ਜੀਵਨਜੋਤ ਕੌਰ ਮੈਂਬਰ ਪੰਜਾਬ ਅਸੈਂਬਲੀ, ਜਤਿੰਦਰ ਸਿੰਘ ਬਰਾੜ, ਪੰਜਾਬ ਨਾਟਸ਼ਾਲਾ, ਡਾ. ਸਰਬਜੀਤ ਸਿੰਘ ਛੀਨਾ, ਸਿੱਖਿਆ ਸਲਾਹਕਾਰ ਖਾਲਸਾ ਕਾਲਜ, ਪ੍ਰਬੰਧਕੀ ਕੌਂਸਲ, ਡਾ. ਸ਼ਿਆਮ ਸੁੰਦਰ ਦੀਪਤੀ, ਅਮਰਜੀਤ ਸਿੰਘ ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ, ਭਗਵੰਤ ਸਿੰਘ ਦਿਲਾਵਰੀ ਸਰਪ੍ਰਸਤ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਅਤੇ ਦਵਿੰਦਰ ਸਿੰਘ ਪ੍ਰਧਾਨ ਰੀੜ੍ਹ ਦੀ ਹੱਡੀ ਐਸੋਸੀਏਸ਼ਨ ਆਦਿ ਸ਼ਾਮਲ ਸਨ। ਸਮਾਗਮ ਵਿੱਚ ਬੋਲਦੇ ਹੋਏ ਪਿੰਗਲਵਾੜਾ ਸੰਸਥਾ ਦੇ ਮੁੱਖ ਸੇਵਾਦਾਰ ਡਾ. ਇੰਦਰਜੀਤ ਕੌਰ ਨੇ ਕਿਹਾ ਕਿ ਭਗਤ ਪੂਰਨ ਸਿੰਘ ਸਪੈਸ਼ਲ ਸਕੂਲ ਦੇ ਇਨਾਂ ਖਿਡਾਰੀਆ ਨੇ ਸਿਰਫ਼ ਪਿੰਗਲਵਾੜੇ ਦਾ ਹੀ ਨਹੀਂ ਸਗੋਂ ਪੂਰੇ ਪੰਜਾਬ ਅਤੇ ਭਾਰਤ ਦਾ ਨਾਮ ਰੌਸ਼ਨ ਕੀਤਾ ਹੈ। ਇਹ ਤਿੰਨੇ ਖਿਡਾਰੀ, ਮੁਹੰਮਦ ਨਿਸਾਰ ਰੇਲਵੇ ਸਟੇਸ਼ਨ ਤੋਂ, ਰੇਨੂੰ ਅੰਮ੍ਰਿਤਸਰ ਬੱਸ ਸਟੈਂਡ ਅਤੇ ਸੀਤਾ ਗੁਰਦੁਆਰਾ ਸ਼ਹੀਦਾਂ ਸਾਹਿਬ ਜੀ ਦੇ ਬਾਹਰੋਂ ਲਾਵਾਰਸੀ ਦੀ ਹਾਲਤ ਵਿੱਚ ਪਿੰਗਲਵਾੜੇ ਵਿੱਚ ਦਾਖਲ ਹੋਏ। ਇਸ ਵਿਸ਼ੇਸ਼ ਸਮਾਗਮ ਵਿੱਚ ਮੁਖਤਾਰ ਸਿੰਘ ਆਨਰੇਰੀ ਸਕੱਤਰ, ਰਾਜਬੀਰ ਸਿੰਘ ਮੈਂਬਰ ਪਿੰਗਲਵਾੜਾ ਸੋਸਾਇਟੀ, ਕਰਨਲ ਦਰਸ਼ਨ ਸਿੰਘ ਬਾਵਾ ਮੁਖ ਪ੍ਰਸ਼ਾਸ਼ਕ, ਪਰਮਿੰਦਰਜੀਤ ਸਿੰਘ ਭੱਟੀ ਸਹਿ ਪ੍ਰਸ਼ਾਸ਼ਕ ਅਤੇ ਸੁਰਿੰਦਰ ਕੌਰ ਭੱਟੀ, ਰਿਟਾ. ਡੀਐਸਪੀ ਬਖਸ਼ੀਸ਼ ਸਿੰਘ ਪ੍ਰਸ਼ਾਸਕ ਮਾਨਾਂਵਾਲਾ ਅਤੇ ਹਰਿੰਦਰ ਕੌਰ, ਗੁਰਨੈਬ ਸਿੰਘ, ਨਰਿੰਦਰਪਾਲ ਸਿੰਘ ਸੋਹਲ, ਪ੍ਰਿੰ. ਨਰੇਸ਼ ਕਾਲੀਆ, ਪ੍ਰਿੰ. ਅਨੀਤਾ ਬੱਤਰਾ, ਪ੍ਰਿੰ. ਦਲਜੀਤ ਕੌਰ, ਯੋਗੇਸ਼ ਸੂਰੀ, ਗੁਲਸ਼ਨ ਰੰਜਨ ਸ਼ੋਸ਼ਲ ਵਰਕਰ, ਹਰਪਾਲ ਸਿੰਘ ਸੰਧੂ, ਡਾ. ਕਰਨਜੀਤ ਸਿੰਘ, ਤਿਲਕ ਰਾਜ ਜਨਰਲ ਮੈਨੇਜਰ ਅਤੇ ਗੁਰਿੰਦਰ ਸਿੰਘ ਪ੍ਰਿੰਟਵੈਲ ਆਦਿ ਸ਼ਾਮਲ ਸਨ।

ਪੀਰ ਬਾਬਾ ਢਡਿਆਣੇ ਵਾਲਾ ਯਾਦਗਾਰੀ ਸਾਲਾਨਾ ਸੱਭਿਆਚਾਰਕ ਮੇਲਾ ਕਰਵਾਇਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਪਿੰਡ ਸੁਚਾਨੀਆਂ ਦੇ ਬਾਹਰਵਾਰ ਰੇਲਵੇ ਲਾਈਨ ਨੇੜੇ ਦਰਗਾਹ ਪੀਰ ਬਾਬਾ ਢਡਿਆਣੇ ਸ਼ਾਹ ਵਿਖੇ ਪਿੰਡ ਕਲੇਰ ਖੁਰਦ, ਸੁਚੇਤਗੜ੍ਹ ਅਤੇ ਸੁਚਾਨੀਆਂ ਆਦਿ ਪਿੰਡਾਂ ਤੇ ਇਲਾਕਾ ਨਿਵਾਸੀਆਂ ਵਲੋਂ ਸਾਲਾਨਾ ਜੋੜ ਮੇਲਾ ਪੂਰੀ ਸ਼ਰਧਾ ਨਾਲ ਮਨਾਇਆ ਗਿਆ। ਮੇਲੇ ਦੀ ਸ਼ੁਰੂਆਤ ਮੌਕੇ ਮੁੱਖ ਸੇਵਾਦਾਰ ਬਾਬਾ ਜੋਗਿੰਦਰ ਪਾਲ ਅਤੇ ਹੋਰ ਸੇਵਾਦਾਰਾਂ ਵਲੋਂ ਦਰਗਾਹ ਉਪਰ ਚਾਦਰ ਅਤੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ। ਉਪਰੰਤ ਕੱਵਾਲ ਪਾਰਟੀਆਂ ਨੇ ਸੂਫੀਆਨਾ ਕਲਾਮ ਸੁਣਾ ਕੇ ਹਾਜ਼ਰ ਸੰਗਤਾਂ ਨੂੰ ਝੂੰਮਣ ਲਾ ਦਿੱਤਾ। ਇਸ ਦੇ ਬਾਅਦ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਪੰਜਾਬ ਦੀ ਮਸ਼ਹੂਰ ਗਾਇਕ ਜੋੜੀ ਸਰਬਜੀਤ ਬੁੱਗਾ ਅਤੇ ਮਨਪ੍ਰੀਤ ਬੁੱਗਾ ਨੇ ਆਪਣੇ ਚਰਚਿੱਤ ਗੀਤਾਂ ਦੁਆਰਾ ਸਰੋਤਿਆਂ ਦਾ ਖੂਬ ਮਨੋਰੰਜਨ ਕਰਦਿਆਂ ਲਗਭਗ ਤਿੰਨ ਘੰਟੇ ਕੀਲੀ ਰੱਖਿਆ। ਮੇਲੇ ਵਿੱਚ ਹਲਕਾ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਪਤਨੀ ਰਾਜਬੀਰ ਕੌਰ ਕਲਸੀ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਇਸ ਮੌਕੇ ਉਨ੍ਹਾਂ ਦੇ ਨਾਲ 'ਆਪ' ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਮਨਦੀਪ ਸਿੰਘ ਗਿੱਲ, ਜਗਗੁਰੂ ਸਿੰਘ ਸੋਨੂੰ ਕਲੇਰ, ਗੁਰਦੀਪ ਸਿੰਘ ਸਿੱਧੂ, ਰਾਜਬੀਰ ਸਿੰਘ ਰੰਧਾਵਾ, ਅਮਨਦੀਪ ਸਿੰਘ ਗਿੱਲ,ਜਸਪਾਲ ਸਿੰਘ ਝਾਂਸ, ਨਿੱਕੂ ਰਾਕੇਸ਼ ਕੁਮਾਰ ਸੁਚੇਤਗੜ੍ਹ ਆਦਿ ਆਗੂਆਂ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਮੁੱਖ ਮਹਿਮਾਨ ਰਾਜਬੀਰ ਕੌਰ ਕਲਸੀ ਅਤੇ ਪ੍ਰਬੰਧਕਾਂ ਵਲੋਂ ਗਾਇਕ ਕਲਾਕਾਰਾਂ ਅਤੇ ਇਲਾਕੇ ਦੀਆਂ ਮੁੱਖ ਸਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਜੋਗਿੰਦਰ ਪਾਲ, ਨਵਦੀਪ ਸਿੰਘ ਸੁਚੇਤਗੜੀਆ, ਪੰਮਾ ਢਾਬੇਵਾਲਾ, ਹੈਪੀ ਸਿੰਘ, ਮਹਿੰਦਰ ਪਾਲ, ਬਲਵਿੰਦਰ ਸਿੰਘ ਸੁਚੇਤਗੜ੍ਹ, ਗੁਰਪ੍ਰੀਤ ਸਿੰਘ, ਮੋਹਿਤ, ਜਤਿੰਦਰ ਸਿੰਘ, ਲਾਡੀ ਠੇਕੇਦਾਰ, ਰਵੀ, ਬਲਕਾਰ ਸਿੰਘ ਆਦਿ ਤੋਂ ਇਲਾਵਾ ਇਲਾਕੇ ਦੇ ਹੋਰ ਮੋਹਤਬਰ ਅਤੇ ਲੋਕ ਹਾਰ ਸਨ।

25 ਨਸ਼ੀਲੇ ਟੀਕਿਆਂ ਸਮੇਤ 2 ਕਾਬੂ

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)-ਇੰਸਪੈਕਟਰ ਕੁਲਦੀਪ ਸਿੰਘ ਥਾਣਾ ਗੜ੍ਹਸ਼ੰਕਰ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੇ ਦੌਰਾਨ ਲੱਲੀਆਂ ਮੋੜ 'ਤੇ ਇਕ ਮੋਟਰਸਾਈਕਲ ਪੀ ਬੀ 07 ਏ ਡੀ 2178 ਸਵਾਰ ਨੂੰ ਸ਼ੱਕ ਦੇ ਅਧਾਰ 'ਤੇ ਰੋਕਿਆ ਤਾਂ ਉਸ ਦੀ ਤਲਾਸ਼ੀ ਲੈਣ ਉਪਰੰਤ ਉਹਨਾਂ ਕੋਲੋਂ 25 ਨਸ਼ੀਲੇ ਟੀਕੇ ਬਰਾਮਦ ਹੋਏ। ਉਸ ਦੀ ਪਛਾਣ ਸਰਬਜੀਤ ਸਿੰਘ ਉਰਫ ਸਾਬੀ ਪੁੱਤਰ ਕੁਲਵਿੰਦਰ ਸਿੰਘ ਵਾਸੀ ਭੰਮੀਆਂ ਵਜੋਂ ਅਤੇ ਮੋਟਰਸਾਈਕਲ 'ਤੇ ਨਾਲ ਬੈਠੇ ਵਿਅਕਤੀ ਨੇ ਆਪਣਾ ਨਾਂਅ ਗੁਰਵਿੰਦਰ ਸਿੰਘ ਉਰਫ ਗਾਬਾ ਪੁੱਤਰ ਬਲਵੀਰ ਸਿੰਘ ਵਾਸੀ ਘਾਗੋ ਰੋੜਾਂਵਾਲੀ ਦੱਸਿਆ। ਸਰਬਜੀਤ ਸਿੰਘ ਕੋਲੋ 13 ਟੀਕੇ ਅਤੇ ਗੁਰਵਿੰਦਰ ਸਿੰਘ ਕੋਲੋ 12 ਨਸ਼ੀਲੇ ਟੀਕੇ ਬਰਾਮਦ ਹੋਏ। ਪੁਲਸ ਮਾਮਲਾ ਦਰਜ ਕਰ ਲਿਆ ਹੈ।

COURT NOTICE

In the Court of Ms. Aman Sharma Civil Judge (Senior Division), Pathankot.

CNR No. PBPO02-000750-2023
Next Date : 2.8.2023
Era
Versus
General Public

Application under section 8 of the Hindu minority and Guardian Act 1956 for seeking permission to sell the share of the minor.

Publication issued to : General Public, General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 2.8.2023 at 10.00 a.m.

For details logon to https://highcourtchd.gov.in/?trs=district notice & district=Pathankot.

Civil Judge (Senior Division), Pathankot.

Dated, this day of 5.6.2023

COURT NOTICE

In the Court of Ms. Aman Sharma Civil Judge (Senior Division), Pathankot.

CNR No. PBPO02-000446-2023
Next Date : 19.7.2023
Jagdeep Singh
Versus
Balram Singh
Suit for Permanent Injunction

Publication issued to : Surinder Kumari Spouse : Late Karan Singh Jhandpur Tehsil and Distt. Pathankot.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 19.7.2023 at 10.00 a.m.

For details logon to https://highcourtchd.gov.in/?trs=district notice & district=Pathankot.

Civil Judge (Senior Division), Pathankot.

Dated, this day of 22.6.2023

ਉਤਰ ਰੇਲਵੇ
ਈ-ਨਿਵਿਦਾ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁੱਖ ਬਿਜਲੀ ਇੰਜੀਨੀਅਰ/ਨਿਰਮਾਣ, ਉਤਰ ਰੇਲਵੇ, ਜਲੰਧਰ ਸ਼ਹਿਰ ਹੇਠਾਂ ਲਿਖਤ ਕੰਮ ਦੇ ਲਈ ਸਿੰਗਲ ਪੈਕੇਟ ਪ੍ਰਣਾਲੀ ਦੇ ਤਹਿਤ ਈ-ਨਿਵਿਦਾ ਮੰਗ ਕਰਦੇ ਹਨ:-

1	ਕੰਮ ਦਾ ਨਾਮ ਤੇ ਸਥਾਨ	ਫਿਰੋਜਪੁਰ ਮੰਡਲ ਵਿਚ ਸਾਨੇਹਵਾਲ ਢੰਡਾਰੀ ਕਲਾਂ ਤੇ ਲਾਡੋਵਾਲ ਸਟੇਸ਼ਨਾਂ 'ਤੇ ਲੰਬੇ ਲੂਪ ਨਿਰਮਾਣ ਦੇ ਸਬੰਧ ਵਿਚ 25 ਕੇ.ਵੀ. ਏ.ਸੀ. ਸਿੰਗਲ ਫੇਜ ਓ.ਐਚ.ਈ. ਦੀ ਡਿਜਾਈਨ, ਸਪਲਾਈ, ਇਰੀਕੇਸ਼ਨ, ਟੇਸਟਿੰਗ, ਕਮਿਸ਼ਨਿੰਗ ਤੇ ਮਾਡਿਫਿਕੇਸ਼ਨ ਕੰਮ ਦਾ ਪ੍ਰਾਵਧਾਨ ਅਤੇ ਅਵਾਸੀ ਰੇਲਵੇ ਕਵਾਟਰ/ਰੇਲਵੇ ਸਟੇਸ਼ਨਾਂ/ਸਰਵਿਸ ਬਿਲਡਿੰਗ/ਸੜਕ/ਸ਼ੇਡਸ ਆਦਿ ਦਾ ਬਿਜਲੀ ਪਾਵਰ ਵਾਯਰਿੰਗ ਦਾ ਡਿਜਾਈਨ, ਸਪਲਾਈ, ਇਰੀਕੇਸ਼ਨ, ਟੇਸਟਿੰਗ, ਕਮਿਸ਼ਨਿੰਗ ਤੇ ਮਾਡਿਫਿਕੇਸ਼ਨ ਕੰਮ ਦਾ ਪ੍ਰਾਵਧਾਨ।
2	ਕੰਮ ਪੂਰਾ ਕਰਨ ਦਾ ਸਮਾਂ	9 ਮਹੀਨੇ
3	ਕੰਮ ਦੀ ਅੰਦਾਜ਼ਨ ਲਾਗਤ	₹ 4,76,28,460.32
4	ਬੋਲੀ ਸੁਰੱਖਿਆ ਰਾਸ਼ੀ ਜੋ ਜਮ੍ਹਾ ਕੀਤੀ ਜਾਣੀ ਹੈ	₹ 3,88,200/-
5	ਈ-ਨਿਵਿਦਾ ਜਮ੍ਹਾ ਕਰਨ ਅਤੇ ਈ-ਨਿਵਿਦਾ ਖੁਲਣ ਦੀ ਮਿਤੀ ਤੇ ਸਮਾਂ :	ਟੈਂਡਰ ਮਿਤੀ 24.07.2023 ਸਮਾਂ 11.30 ਵਜੇ ਤਕ ਆਈਆਰਈਪੀਐਸ ਦੀ ਵੈਬਸਾਈਟ www.ireps.gov.in 'ਤੇ ਅਪਲੋਡ ਕਰ ਸਕਦੇ ਹਨ। ਨਿਵਿਦਾਕਰਤਾ ਈ-ਨਿਵਿਦਾ ਵਿਚ ਭਾਗ ਲੈ ਸਕਦੇ ਹਨ। ਨਿਵਿਦਾ 24.07.2023 ਸਮਾਂ 11:30 ਵਜੇ ਖੋਹਲੀ ਜਾਵੇਗੀ।
6	ਨਿਵਿਦਾ ਸੂਚਨਾ ਅਤੇ ਨਿਵਿਦਾ ਫਾਰਮ ਦੀ ਜਾਣਕਾਰੀ:	ਵਿਸਤ੍ਰਿਤ ਈ-ਟੈਂਡਰ ਸੂਚਨਾ ਉਤਰ ਰੇਲਵੇ ਵੈਬਸਾਈਟ www.nr.indianrailways.gov.in 'ਤੇ ਉਪਲਬਧ ਹੈ ਅਤੇ ਟੈਂਡਰ ਫਾਰਮ ਆਈਆਰਈਪੀਐਸ ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਉਪਰੋਕਤ ਟੈਂਡਰ ਫਾਰਮ ਆਈਆਰਈਪੀਐਸ ਦੀ ਵੈਬਸਾਈਟ www.ireps.gov.in 'ਤੇ ਮਿਤੀ 10.07.2023 ਤੋਂ ਮਿਤੀ 24.07.2023 ਤਕ ਜਮ੍ਹਾ ਕਰਨ ਦੇ ਲਈ ਉਪਲਬਧ ਰਹੇਗਾ। ਟੈਂਡਰਕਰਤਾ ਜੋ ਈ-ਟੈਂਡਰ ਵਿਚ ਭਾਗ ਲੈਣ ਦੇ ਇਛੁਕ ਹਨ ਉਨ੍ਹਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਪਰੋਕਤ ਵੈਬਸਾਈਟ ਤੇ ਆਪਣਾ ਈ-ਰਜਿਸਟਰੇਸ਼ਨ ਕਰਾ ਲੈਣ ਜਿਸ ਦੇ ਲਈ ਉਨ੍ਹਾਂ ਨੂੰ ਕਲਾਸ-III ਡਿਜੀਟਲ ਸਰਟੀਫਿਕੇਟ ਦੀ ਜਰੂਰਤ ਹੋਵੇਗੀ (ਜੇਕਰ ਪਹਿਲਾਂ ਤੋਂ ਉਪਲਬਧ ਨਹੀਂ ਹੈ), ਜੋ ਆਈ ਟੀ ਨਿਯਮ-2000 ਦੇ ਤਹਿਤ ਸੀਸੀਏ ਦੁਆਰਾ ਜਾਰੀ ਕੀਤੀ ਜਾਵੇਗੀ। ਉਪਰੋਕਤ ਟੈਂਡਰ ਦੇ ਹੋਰ ਸਾਰੇ ਨਿਯਮ ਤੇ ਸ਼ਰਤਾਂ ਟੈਂਡਰ ਫਾਰਮ ਵਿਚ ਦਿਤੇ ਗਏ ਹਨ। ਵਿਸਤ੍ਰਿਤ ਟੈਂਡਰ ਸੂਚਨਾ ਉਪਰੋਕਤ ਦਫਤਰ ਦੇ ਸੂਚਨਾ ਪਟ ਤੇ ਵੀ ਦੇਖੀ ਜਾ ਸਕਦੀ ਹੈ।

ਫਾਰਮ ਨੰ. 17-ਬਿਜਲੀ/ਨਿ/ਕਾਮਪੋ/ਜੇਯੂਸੀ/134B ਮਿਤੀ 30.06.2023 2022/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਪਬਲਿਕ ਨੋਟਿਸ

ਗਰੇਨ ਸ਼ਾਪ ਨੰ: 70, ਮੰਡੀ ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਲਾਟ ਦੀ ਮਲਕੀਅਤ ਸ੍ਰੀ ਹਰਬੰਸ ਲਾਲ ਪੁੱਤਰ ਸ੍ਰੀ ਰਾਮ ਚੰਦ ਦੇ ਨਾਂਅ ਤੇ ਹੈ। ਇਸ ਦਫਤਰ ਵਿੱਚ ਸ੍ਰੀ ਭੂਸ਼ਨ ਰਾਏ ਪੁੱਤਰ ਸ੍ਰੀ ਦੀਵਾਨ ਚੰਦ ਵਾਸੀ ਵਾਰਡ ਨੰ: 7, ਨਵੀਂ ਦਾਣਾ ਮੰਡੀ, ਬਲਾਚੌਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਇਸ ਪਲਾਟ ਦੀ ਮਲਕੀਅਤ, ਸਬ ਰਜਿਸਟਰਾਰ, ਬਲਾਚੌਰ ਦੇ ਦਫਤਰ ਵਿਖੇ ਮਿਤੀ 10.3.1987 ਨੂੰ ਦਰਜ ਕਰਵਾਏ ਬੈਨਾਮਾ ਵਸੀਕਾ ਨੰ: 2756 ਦੇ ਆਧਾਰ ਉੱਤੇ ਉਹਨਾਂ ਦੇ ਨਾਂਅ ਤਬਦੀਲ ਕਰਨ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ।

ਉਪਰੋਕਤ ਦਸਤਾਵੇਜ਼ਾਂ ਦੇ ਆਧਾਰ ਤੇ ਗਰੇਨ ਸ਼ਾਪ ਨੰ: 70, ਮੰਡੀ ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮਲਕੀਅਤ ਤਬਦੀਲ ਕੀਤੀ ਜਾਣੀ ਹੈ। ਜੇਕਰ ਕਿਸੇ ਵਿਅਕਤੀ ਨੂੰ ਇਸ ਪਲਾਟ ਦੀ ਮਲਕੀਅਤ ਤਬਦੀਲ ਕਰਨ ਸੰਬੰਧੀ ਕਿਸੇ ਕਿਸਮ ਦਾ ਕੋਈ ਵੀ ਇਤਰਾਜ਼ ਹੈ ਤਾਂ ਇਸ ਨੋਟਿਸ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਨੂੰ ਈਮੇਲ dir.colon@Punjab.gov.in ਜਾਂ ਹੇਠ ਲਿਖੇ ਐਡਰੈੱਸ ਤੇ ਭੇਜ ਸਕਦਾ ਹੈ। ਮਿੱਥੇ ਸਮੇਂ ਤੋਂ ਬਾਅਦ ਕਿਸੇ ਵਿਅਕਤੀ ਦੇ ਕਿਸੇ ਕਿਸਮ ਦੇ ਇਤਰਾਜ਼ ਤੇ ਕੋਈ ਸੁਣਵਾਈ ਨਹੀਂ ਕੀਤੀ ਜਾਵੇਗੀ।

ਸਹੀ/-ਐਡਮਨਿਸਟਰੇਟਰ, ਨਿਊ ਮੰਡੀ ਟਾਊਨਸ਼ਿਪ, ਪੰਜਾਬ।
ਪੰਜਾਬ ਮੰਡੀ ਭਵਨ ਸੈਕਟਰ 65 ਏ, ਫੇਜ਼-11, ਮੋਹਾਲੀ।

CSL Finance Limited

Reg. off.: 410-412,18/12, 4th Floor, W.E.A, Arya Samaj Road, Karol Bagh, New Delhi-110005,
Corp off.: 716-717, 7th Floor, Tower B, World Trade Tower, Sector 16, Noida, 201301, U.P., Ph.: +91 120 4290650/52/53/54/55, Email: info@cslfinance.in
Legal@cslfinance.in., Web.: www.cslfinance.in, CIN: L74899DL1992PLC051462

ਡਿਮਾਂਡ ਨੋਟਿਸ

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਸੀ ਐੱਸ ਐੱਲ ਫਾਇਨਾਂਸ ਲਿਮ: (ਸੀ ਐੱਸ ਐੱਲ) ਤੋਂ ਵਿੱਤੀ ਸਹੂਲਤ ਪ੍ਰਾਪਤ ਕੀਤੀ ਹੈ। ਅਸੀਂ ਦੱਸਣਾ ਚਾਹੁੰਦੇ ਹਾਂ ਕਿ ਵਿੱਤੀ ਸਹੂਲਤ ਪ੍ਰਾਪਤ ਕਰਨ ਦੇ ਬਾਵਜੂਦ ਕਰਜ਼ਦਾਰ/ਗਰੰਟਰ/ਰਹਿਣਕਾਰ (ਸਾਰੇ ਨਿੱਜੀ ਜਾਂ ਸਮੂਹਕ ਤੌਰ 'ਤੇ 'ਜ਼ਿੰਮੇਵਾਰ' ਵਜੋਂ ਹਵਾਲਾ) ਵਿਆਜ਼ ਅਤੇ ਮੂਲ ਰਕਮਾਂ ਨਿਰਧਾਰਤ ਮਿਤੀਆਂ 'ਤੇ ਵਾਪਸ ਕਰਨ 'ਚ ਅਸਫਲ ਰਹੇ ਹਨ। ਸੀ ਐੱਸ ਐੱਲ ਦੀਆਂ ਵਹੀਆਂ 'ਚ ਖਾਤਾ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ 'ਤੇ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਸੀ ਐੱਲ ਐੱਲ ਦੇ ਅਧਿਕਾਰਤ ਅਫਸਰ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅ

1-JULY-PAGE-7.qxd 6/30/2023 10:12 PM Page 1

ਲਿਬਰੇਸ਼ਨ ਵੱਲੋਂ ਕਾਮਨ ਸਿਵਲ ਕੋਡ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਦੇ ਬਿਆਨ ਦੀ ਨਿੰਦਾ

■ ਪਾਰਟੀ ਵੱਲੋਂ ਰਿਜ਼ਰਵੇਸ਼ਨ ਚੋਰ ਫੜੋ ਮੋਰਚੇ ਦੀ ਹਮਾਇਤ

ਮਾਨਸਾ (ਆਤਮਾ ਸਿੰਘ ਪਮਾਰ)

ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਵੱਲੋਂ ਕਾਮਨ ਸਿਵਲ ਕੋਡ ਲਾਗੂ ਕਰਨ ਬਾਰੇ ਦਿੱਤੇ ਬਿਆਨ ਦਾ ਮਨੋਰਥ ਕਾਨੂੰਨ ਵਿੱਚ ਸਮਾਨਤਾ ਲਿਆਉਣਾ ਨਹੀਂ, ਸਗੋਂ ਆ ਰਹੀਆਂ ਲੋਕ ਸਭਾ ਚੋਣਾਂ 'ਚ ਸੰਘ-ਬੀਜੇਪੀ ਦੇ ਸਿਆਸੀ ਲਾਹੇ ਲਈ ਦੇਸ਼ ਵਿੱਚ ਫਿਰਕੂ ਧਰੁਵੀਕਰਨ ਨੂੰ ਤਿੱਖਾ ਕਰਨਾ ਹੈ, ਜੋ ਉਨ੍ਹਾਂ ਵੱਲੋਂ ਅਮਰੀਕਾ ਵਿੱਚ ਦੇਸ਼ 'ਚ ਘੱਟ-ਗਿਣਤੀਆਂ ਨਾਲ ਹੋ ਰਹੇ ਵਿਤਕਰੇ ਦੇ ਸੁਆਲ 'ਤੇ ਦਿੱਤੇ ਗਏ ਸਪੱਸ਼ਟੀਕਰਨ ਦੀ ਖੁੱਲ੍ਹੀ ਖਿਲਾਫਤ ਹੈ।

ਕਾਮਰੇਡ ਗੋਬਿੰਦ ਸਿੰਘ ਛਾਜਲੀ ਦੀ ਪ੍ਰਧਾਨਗੀ ਹੇਠ ਬਾਬਾ ਬੂਝਾ ਸਿੰਘ ਭਵਨ ਵਿਖੇ ਹੋਈ ਪਾਰਟੀ ਦੀ ਸੂਬਾ ਸਟੈਂਡਿੰਗ ਕਮੇਟੀ ਦੀ ਮੀਟਿੰਗ ਵਿੱਚ ਪਾਰਟੀ ਦੇ ਕੇਂਦਰੀ ਇੰਚਾਰਜ ਕਾਮਰੇਡ ਪ੍ਰਸ਼ੋਤਮ ਸ਼ਰਮਾ, ਰਾਜਵਿੰਦਰ ਸਿੰਘ ਰਾਣਾ, ਰੁਲਦੂ ਸਿੰਘ ਮਾਨਸਾ, ਸੁਖਦਰਸ਼ਨ ਸਿੰਘ ਨੱਤ, ਗੁਲਜਾਰ ਸਿੰਘ ਭੁੰਬਲੀ, ਗੁਰਪ੍ਰੀਤ ਸਿੰਘ ਰੂੜੇਕੇ ਤੇ ਜਸਬੀਰ ਕੌਰ ਨੱਤ ਸ਼ਾਮਲ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਬਖਤਪੁਰ ਨੇ ਕਿਹਾ ਕਿ ਹਾਲੇ ਚਾਰ ਕੁ ਦਿਨ ਪਹਿਲਾਂ ਹੀ ਅਮਰੀਕੀ ਰਾਸ਼ਟਰਪਤੀ ਨਾਲ ਵਾਈਟ ਹਾਊਸ ਵਿਖੇ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਪੁੱਛੇ ਗਏ ਪ੍ਰਸ਼ਨ ਕਿ ਭਾਰਤ ਵਿੱਚ ਘੱਟ-ਗਿਣਤੀਆਂ ਨਾਲ ਹੋ ਰਹੇ ਵਿਤਕਰੇ ਦੀ ਰੋਕਥਾਮ ਲਈ ਉਨ੍ਹਾਂ ਦੀ ਸਰਕਾਰ ਕੀ ਕਦਮ ਚੁੱਕ ਰਹੀ ਹੈ, ਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਮੋਦੀ 'ਸਭ ਕਾ ਸਾਥ, ਸਭ ਕਾ ਵਿਕਾਸ, ਸਭ ਕਾ ਵਿਸ਼ਵਾਸ' ਦੀ ਮੁਹਾਰਨੀ ਸੁਣਾ ਕੇ ਆਏ ਹਨ, ਪਰ ਦੇਸ਼ ਵਾਪਸ ਆਉਂਦਿਆਂ ਹੀ ਉਹ ਮੁੜ ਘੱਟ-ਗਿਣਤੀਆਂ ਖਿਲਾਫ ਅਪਣੇ ਅਸਲੀ ਫਾਸਿਸਟ ਰੰਗ ਵਿੱਚ ਸਾਹਮਣੇ ਆ ਗਏ। ਕਾਮਰੇਡ ਬਖਤਪੁਰ ਨੇ ਕਾਮਨ ਸਿਵਲ ਕੋਡ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ ਵੱਲੋਂ ਲਏ ਸਟੈਂਡ ਦੀ ਵੀ ਸਖਤ ਆਲੋਚਨਾ ਕਰਦਿਆਂ ਕਿਹਾ ਕਿ ਇਕ ਪਾਸੇ ਇਹ ਪਾਰਟੀ ਦਿੱਲੀ ਸਰਕਾਰ ਬਾਰੇ ਮੋਦੀ ਸਰਕਾਰ ਵੱਲੋਂ ਜਾਰੀ ਆਰਡੀਨੈਂਸ ਦੇ ਸੁਆਲ 'ਤੇ ਵਿਰੋਧੀ ਪਾਰਟੀਆਂ ਦੇ ਬਣ ਰਹੇ ਮੋਰਚੇ ਨੂੰ ਸਾਬੋਤਾਜ ਕਰਨ ਤੋਂ ਵੀ ਗੁਰੇਜ਼ ਨਹੀਂ ਕਰ ਰਹੀ, ਪਰ ਦੂਜੇ ਪਾਸੇ ਘੋਰ ਮੌਕਾਪ੍ਰਸਤੀ ਕਰਦਿਆਂ ਇਹ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਵਿੱਚ ਖੁਦ ਬੀਜੇਪੀ ਦੀ ਪੈੜ 'ਚ ਪੈੜ ਧਰ ਰਹੀ ਹੈ। ਭਗਵੰਤ ਮਾਨ ਤੇ ਕੇਜਰੀਵਾਲ ਨੂੰ ਇਸ ਦੋਗਲੇਪਣ ਦੀ ਸਿਆਸੀ ਕੀਮਤ ਹਰ ਹਾਲਤ ਵਿੱਚ ਤਾਰਨੀ ਪਵੇਗੀ।

ਮੀਟਿੰਗ ਨੇ ਮੋਹਾਲੀ ਵਿਖੇ ਚੱਲ ਰਹੇ 'ਰਿਜ਼ਰਵੇਸ਼ਨ ਚੋਰ ਫੜੋ ਮੋਰਚੇ' ਦੀ ਹਮਾਇਤ ਕਰਦਿਆਂ ਪਾਰਟੀ ਆਗੂਆਂ ਨੂੰ ਕਿਹਾ ਹੈ ਕਿ ਉਹ ਵਾਰੀ ਸਿਰ ਇਸ ਮੋਰਚੇ ਵਿੱਚ ਅਪਣੀ ਹਾਜ਼ਰੀ ਲਗਵਾਉਣ। ਪਾਰਟੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਵੱਖ ਵੱਖ ਕੈਟਾਗਿਰੀਆਂ ਦੇ ਜਾਲ੍ਹੀ ਸਰਟੀਫਿਕੇਟ ਬਣਵਾ ਕੇ ਨੌਕਰੀਆਂ, ਤਰੱਕੀਆਂ ਤੇ ਚੋਣਾਂ ਲੜਨ ਮੌਕੇ ਉਨ੍ਹਾਂ ਦੀ ਦੁਰਵਰਤੋਂ ਕਰਨ ਬਾਰੇ ਸਾਰੇ ਵਿਭਾਗਾਂ ਦੇ ਅਫਸਰਾਂ, ਮੁਲਾਜ਼ਮਾਂ ਜਾਂ ਸਿਆਸੀ ਲੀਡਰਾਂ ਬਾਰੇ ਬਰੀਕੀ 'ਚ ਜਾਂਚ ਕਰਵਾਈ ਜਾਵੇ ਤੇ ਦੋਸ਼ੀ ਪਾਏ ਜਾਂਦੇ ਸਾਰੇ ਅਨਸਰਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ। ਮੀਟਿੰਗ ਨੇ ਯੂ ਪੀ ਵਿੱਚ ਨੌਜਵਾਨ ਦਲਿਤ ਆਗੂ ਚੰਦਰ ਸ਼ੇਖਰ ਰਾਵਣ 'ਤੇ ਹੋਏ ਜਾਨੀ ਹਮਲੇ ਵਿੱਚ ਜਿੱਥੇ ਉਨ੍ਹਾਂ ਦੀ ਜਾਨ ਬਚ ਜਾਣ 'ਤੇ ਤਸੱਲੀ ਜ਼ਾਹਰ ਕੀਤੀ, ਉਥੇ ਇਸ ਘਾਤਕ ਹਮਲੇ ਦੀ ਸਖਤ ਨਿੰਦਾ ਕਰਦਿਆਂ ਕਿਹਾ ਹੈ ਕਿ ਇਸ ਹਮਲੇ ਪਿੱਛੇ ਜੋ ਕਾਲੀਆਂ ਤਾਕਤਾਂ ਸਰਗਰਮ ਹਨ, ਉਨ੍ਹਾਂ ਦਾ ਚਿਹਰਾ ਹੁਣ ਦੇਸ਼ ਦੀ ਜਨਤਾ ਸਾਫ ਸਾਫ ਪਛਾਣ ਰਹੀ ਹੈ। ਮੀਟਿੰਗ ਨੇ ਫੈਸਲਾ ਕੀਤਾ ਕਿ ਪਾਰਟੀ ਦੇ ਸੰਸਥਾਪਕ ਆਗੂਆਂ ਸ਼ਹੀਦ ਕਾਮਰੇਡ ਚਾਰੂ ਮੌਜੂਮਦਾਰ ਤੇ ਬਾਬਾ ਬੂਝਾ ਸਿੰਘ ਦੇ ਸ਼ਹਾਦਤ ਦਿਵਸ 28 ਜੁਲਾਈ ਮੌਕੇ ਪਾਰਟੀ ਵੱਲੋਂ ਸੀ ਪੀ ਆਈ (ਐੱਮ ਐੱਲ) ਦੇ ਇਸ ਸਾਲ ਮਾਰਚ ਵਿੱਚ ਪਟਨਾ ਵਿਖੇ ਹੋਏ ਗਿਆਰਵੇਂ ਮਹਾਂ ਸੰਮੇਲਨ ਵੱਲੋਂ ਪ੍ਰਵਾਨ ਕੀਤੇ ਦਸਤਾਵੇਜ਼ਾਂ ਦੇ ਅਧਿਐਨ ਲਈ ਇੱਕ ਤਿੰਨ ਰੋਜ਼ਾ ਵਰਕਸ਼ਾਪ ਲਾਈ ਜਾਵੇਗੀ। ਇਸ ਵਿੱਚ ਸਿਰਫ ਉਹ ਪਾਰਟੀ ਆਗੂ ਤੇ ਵਰਕਰ ਹੀ ਸ਼ਾਮਲ ਹੋ ਸਕਣਗੇ, ਜੋ ਇਸ ਵਰਕਸ਼ਾਪ ਤੋਂ ਪਹਿਲਾਂ ਇਨ੍ਹਾਂ ਦਸਤਾਵੇਜ਼ਾਂ ਨੂੰ ਅਪਣੇ ਪੱਧਰ 'ਤੇ ਪੜ੍ਹ ਲੈਣਗੇ।

ਸੀਵਰੇਜ ਲੀਕੇਜ ਕਾਰਨ ਪਿਆ ਟੋਆ ਲੋਕਾਂ ਲਈ ਮੁਸ਼ਕਲਾਂ ਤੇ ਬਿਮਾਰੀਆਂ ਦਾ ਸਬੱਬ ਬਣਿਆ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਸਥਾਨਕ ਦੁੱਲਟ ਪੱਤੀ ਨਜ਼ਦੀਕ ਕਸਬੇ ਦੇ ਮੁੱਖ ਰਾਸਤੇ 'ਤੇ ਬੰਦ ਪਏ ਸੀਵਰੇਜ ਕਾਰਨ ਪਿਆ ਟੋਆ ਨਾ ਸਿਰਫ ਰਾਹਗੀਰਾਂ ਲਈ ਹਾਦਸਿਆਂ ਦਾ ਸਬੱਬ ਬਣਿਆ ਹੋਇਆ ਹੈ, ਬਲਕਿ ਗੰਦੇ ਪਾਣੀ ਦੀ ਲੀਕੇਜ ਕਾਰਨ ਇਲਾਕੇ ਵਿੱਚ ਬਿਮਾਰੀਆਂ ਫੈਲਣ ਦਾ ਵੀ ਖਦਸ਼ਾ ਬਣਿਆ ਹੋਇਆ ਹੈ। ਇਲਾਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਪਿਛਲੇ ਲਗਭਗ 2 ਮਹੀਨਿਆਂ ਤੋਂ ਸੀਵਰੇਜ ਵਿਭਾਗ ਦੀ ਅਣਦੇਖੀ ਦੇ ਚਲਦਿਆਂ ਇਲਾਕੇ ਵਿੱਚ ਇਸ ਸੀਵਰੇਜ ਦੀ ਲੀਕੇਜ ਕਾਰਨ ਭਿਆਨਕ ਬੀਮਾਰੀਆਂ ਫੈਲ ਸਕਦੀਆਂ ਹਨ, ਹਾਲਾਂਕਿ ਕਸਬੇ ਵਿੱਚ ਕਰੋੜਾਂ ਰੁਪਏ ਦੀ ਲਾਗਤ ਨਾਲ ਸੀਵਰੇਜ ਦੀਆਂ ਲਾਈਨਾਂ ਪਾਈਆਂ ਗਈਆਂ ਹਨ ਪਰ ਵਿਭਾਗੀ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਸੀਵਰੇਜ ਸਿਸਟਮ ਦਾ ਕੰਮ ਠੱਪ ਹੋ ਕੇ ਰਹਿ ਗਿਆ ਹੈ। ਇਸ ਸੀਵਰੇਜ ਦੇ ਕਾਮੇ ਅਕਸਰ ਆਪਣੇ ਪੱਧਰ 'ਤੇ ਸੁਚਾਰੂ ਵਿਵਸਥਾ ਲਈ ਚਾਰਾਜੋਈ ਕਰਦੇ ਵੇਖੇ ਜਾ ਸਕਦੇ ਹਨ, ਪਰ ਬੋਰਡ ਦਾ ਕੋਈ ਅਧਿਕਾਰੀ ਕਦੇ ਵੀ ਕਸਬੇ ਵਿੱਚ ਨਹੀਂ ਵੇਖਿਆ ਗਿਆ। ਕੌਂਸਲਰ ਗੁਰਮੀਤ ਸਿੰਘ ਲੱਲੀ ਦਾ ਕਹਿਣਾ ਹੈ ਕਿ ਕਸਬਾ ਲੌਂਗੋਵਾਲ ਵਿੱਚ ਕਦੇ ਵੀ ਜੇ. ਈ. ਜਾਂ ਇਸ ਤੋਂ ਉਪਰਲੇ ਪੱਧਰ ਦੇ ਅਧਿਕਾਰੀ ਕਸਬੇ ਵਿੱਚ ਆਉਣ ਦੀ ਜਹਿਮਤ ਨਹੀਂ ਕਰਦੇ ਤੇ ਗੰਦੇ ਪਾਣੀ ਦੇ ਰਿਸਾਅ ਕਾਰਨ ਰਾਹਗੀਰਾਂ ਦਾ ਲੰਘਣਾ ਮੁਸ਼ਕਲ ਹੋਇਆ ਪਿਆ ਹੈ ਅਤੇ ਸਕੂਲ ਜਾਂਦੇ ਬੱਚੇ ਵੀ ਕਈ ਵਾਰ ਆਪਣੀਆਂ ਵਰਦੀਆਂ ਵੀ ਖਰਾਬ ਕਰ ਬੈਠਦੇ ਹਨ। ਵਰਨਣਯੋਗ ਹੈ ਕਿ ਇਹ ਟੋਆ ਉਸੇ ਖੇਤਰ ਵਿੱਚ ਮੌਜੂਦ ਹੈ, ਜਿੱਥੇ ਪਿਛਲੇ ਸਮੇਂ ਦੌਰਾਨ ਡੇਂਗੂ ਦੇ ਪ੍ਰਕੋਪ ਕਾਰਨ ਲਗਾਤਾਰ ਮੌਤਾਂ ਹੋਈਆਂ ਸਨ। ਇਸ ਸਬੰਧੀ ਨਗਰ ਕੌਂਸਲ ਪ੍ਰਧਾਨ ਪਰਮਿੰਦਰ ਕੌਰ ਬਰਾੜ ਦਾ ਕਹਿਣਾ ਹੈ ਕਿ ਸੀਵਰੇਜ ਲਾਈਨਾਂ ਦੇ ਰੱਖ-ਰਖਾਅ ਲਈ ਨਗਰ ਕੌਂਸਲ ਸੀਵਰੇਜ ਬੋਰਡ ਨੂੰ ਲੱਖਾਂ ਰੁਪਏ ਵੈਟ ਵਜੋਂ ਦਿੰਦੀ ਹੈ, ਪ੍ਰੰਤੂ ਸੀਵਰੇਜ ਬੋਰਡ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਮੱਸਿਆ ਦੇ ਹੱਲ ਲਈ ਉਹ ਲਗਾਤਾਰ ਫੋਨ ਕਰ ਰਹੇ ਹਨ, ਪ੍ਰੰਤੂ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੇ ਇਸ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ। ਬਰਾੜ ਨੇ ਦੱਸਿਆ ਕਿ ਉਹ ਸੀਵਰੇਜ ਬੋਰਡ ਵੱਲ ਵੇਖੇ ਬਿਨਾਂ ਹੀ ਛੋਟੇ-ਮੋਟੇ ਕੰਮ ਅਕਸਰ ਆਪਣੇ ਪੱਧਰ 'ਤੇ ਕਰਵਾਉਂਦੇ ਰਹਿੰਦੇ ਹਨ, ਪ੍ਰੰਤੂ ਇਸ ਦਾ ਅਰਥ ਇਹ ਨਹੀਂ ਕਿ ਐਨਾ ਵੱਡਾ ਕਸਬਾ ਬਿਨਾਂ ਕਿਸੇ ਸਾਜ਼ੋ-ਸਾਮਾਨ ਤੇ ਤਕਨੀਕੀ ਸਹਾਇਤਾ ਤੋਂ ਕੁਝ ਕੁ ਕਾਮਿਆਂ ਦੇ ਸਿਰ 'ਤੇ ਛੱਡ ਦਿੱਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਇਸ ਰਿਸਾਅ ਨੂੰ ਬੰਦ ਕਰਕੇ ਸੀਵਰੇਜ ਲਾਈਨ ਨੂੰ ਚਲਦਾ ਕੀਤਾ ਜਾਵੇ ਤਾਂ ਜੋ ਇਲਾਕੇ ਦੇ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਤੋਂ ਨਿਜਾਤ ਮਿਲ ਸਕੇ।

ਕਾਤਰਾਂ

ਕਿਸਾਨ ਆਗੂਆਂ ਨੇ ਕੀਤਾ ਚਿੱਪ ਵਾਲੇ ਮੀਟਰਾਂ ਦਾ ਵਿਰੋਧ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਭਾਰਤੀ ਕਿਸਾਨ ਯੂਨੀਅਨ (ਖੋਸਾ) ਤੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਆਗੂਆਂ ਵੱਲੋਂ ਗੁਰਦੁਆਰਾ ਨੀਲਾ ਤਾਰਾ ਸਾਹਿਬ ਪਿੰਡ ਲੱਲੇ ਵਿਖੇ ਮੀਟਿੰਗ ਕੀਤੀ ਗਈ, ਜਿਸ ਦੀ ਭਾਕਿਯੂ ਖੋਸਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਮੇਲਾ ਸਿੰਘ ਹਰਦਾਸਾ ਨੇ ਪ੍ਰਧਾਨਗੀ ਕੀਤੀ।ਮੀਟਿੰਗ ਮੌਕੇ ਕਿਸਾਨ ਆਗੂਆਂ ਨੇ ਪਾਵਰਕਾਮ ਵੱਲੋਂ ਚਿੱਪ ਵਾਲੇ ਮੀਟਰ ਲਗਾਏ ਜਾਣ ਦੀ ਨਿਖੇਧੀ ਕੀਤੀ ਤੇ ਫ਼ੈਸਲਾ ਕੀਤਾ ਕਿ ਚਿੱਪ ਵਾਲੇ ਮੀਟਰ ਕਿਤੇ ਵੀ ਨਹੀਂ ਲੱਗਣ ਦਿੱਤੇ ਜਾਣਗੇ, ਜੇਕਰ ਧੱਕੇ ਨਾਲ ਚਿੱਪ ਵਾਲੇ ਮੀਟਰ ਲਗਾਏ ਗਏ ਤਾਂ ਕਿਸਾਨ ਆਗੂਆਂ ਵੱਲੋਂ ਐਕਸ਼ਨ ਲਿਆ ਜਾਵੇਗਾ। ਇਸ ਮੌਕੇ ਬਾਸਮਤੀ, ਮੂੰਗੀ, ਮੱਕੀ ਤੇ ਦਾਲਾਂ ਦੀਆਂ ਫ਼ਸਲਾਂ 'ਤੇ ਐੱਮ ਐੱਸ ਪੀ ਦੇਣ ਦੀ ਮੰਗ ਉਠਾਈ ਗਈ। ਉਨ੍ਹਾਂ ਮੰਗ ਕੀਤੀ ਕਿ ਝੋਨੇ ਲਈ ਰੋਜ਼ਾਨਾ 8 ਘੰਟੇ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾਵੇ। ਇਸ ਸਮੇਂ ਸੁਰਜੀਤ ਸਿੰਘ ਕੱਸੋਆਣਾ, ਨਵਜਿੰਦਰ ਸਿੰਘ ਵਾੜਾ ਵਰਿਆਮ ਸਿੰਘ ਵਾਲਾ, ਗਮਦੂਰ ਸਿੰਘ, ਜਸਕਰਨ ਸਿੰਘ, ਜੰਗਸ਼ੇਰ ਸਿੰਘ, ਬਲਦੇਵ ਸਿੰਘ, ਪਰਮਿੰਦਰ ਸਿੰਘ, ਹਰਬੰਸ ਸਿੰਘ ਕਰਮਿੱਤੀ ਆਗੂ ਭਾਕਿਯੂ ਲੱਖੋਵਾਲ, ਸੰਤਾ ਸਿੰਘ ਕਰਮਿੱਤੀ, ਦਲਜੀਤ ਸਿੰਘ, ਸੁਰਿੰਦਰ ਸਿੰਘ, ਗੁਰਮੇਲ ਸਿੰਘ, ਬਲਜੀਤ ਸਿੰਘ, ਕਿਰਪਾਲ ਸਿੰਘ, ਮੇਜਰ ਸਿੰਘ ਫੂਫਕ, ਕੁਲਵੰਤ ਸਿੰਘ, ਕੇਵਲ ਸਿੰਘ, ਸੁਰਜੀਤ ਸਿੰਘ, ਸੰਦੀਪ ਸਿੰਘ, ਮੰਦਰ ਸਿੰਘ ਆਦਿ ਹਾਜ਼ਰ ਸਨ।

ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਦੇ ਘਰ ਦਾ ਘਿਰਾਓ ਭਲਕੇ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ 2 ਜੁਲਾਈ ਨੂੰ ਫਰੀਦਕੋਟ ਵਿਖੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੀ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਦੇ ਘਰ ਦਾ ਘਿਰਾਓ ਕੀਤਾ ਜਾਵੇਗਾ ਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਉਪਰੋਕਤ ਜਾਣਕਾਰੀ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ/ਬਲਾਕ ਪ੍ਰਧਾਨ ਗੁਰਵੰਤ ਕੌਰ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਪੰਜਾਬ ਭਰ ਦੀਆਂ ਲਗਭਗ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਪਿਛਲੇ ਕਈ ਮਹੀਨਿਆਂ ਤੋਂ ਬੜੀ ਬੇਸਬਰੀ ਨਾਲ ਤਨਖਾਹਾਂ ਨੂੰ ਉਡੀਕ ਰਹੀਆਂ ਹਨ, ਪਰ ਪੰਜਾਬ ਸਰਕਾਰ ਤੇ ਸਬੰਧਤ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਕੰਨ 'ਤੇ ਜੂੰ ਨਹੀਂ ਸਰਕਦੀ। ਉਨ੍ਹਾਂ ਦੱਸਿਆ ਕਿ ਕੈਬਨਿਟ ਮੰਤਰੀ ਵੱਲੋਂ 19 ਮਈ ਨੂੰ ਜਥੇਬੰਦੀ ਨਾਲ ਚੰਡੀਗੜ੍ਹ ਵਿਖੇ ਮੀਟਿੰਗ ਕੀਤੀ ਗਈ ਸੀ, ਜਿਸ ਵਿੱਚ ਤਨਖਾਹਾਂ ਤੋਂ ਇਲਾਵਾ 12 ਸੂਤਰੀ ਮੰਗ ਪੱਤਰ 'ਤੇ ਗੱਲਬਾਤ ਕਰਕੇ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਸੀ, ਪਰ ਅਜੇ ਤੱਕ ਨਾ ਤਾਂ ਤਨਖਾਹਾਂ ਮਿਲੀਆਂ ਤੇ ਨਾ ਹੀ ਹੋਰਨਾਂ ਮੰਗਾਂ ਦਾ ਨਿਪਟਾਰਾ ਹੋਇਆ, ਜਿਸ ਕਰਕੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵਿੱਚ ਸਰਕਾਰ ਪ੍ਰਤੀ ਭਾਰੀ ਗੁੱਸਾ ਤੇ ਬੇਚੈਨੀ ਹੈ।

ਐੱਨ ਸੀ ਸੀ ਕੈਡਿਟਾਂ ਨੂੰ ਦਿੱਤੀ ਰਾਈਫ਼ਲ ਸ਼ੂਟਿੰਗ ਦੀ ਸਿਖਲਾਈ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਿੱਖਿਆ ਸੰਸਥਾ ਐੱਸ ਕੇ ਪਬਲਿਕ ਸਕੂਲ ਤਲਵੰਡੀ ਭਾਈ ਵਿਖੇ ਐੱਨ ਸੀ ਸੀ ਕੈਡਿਟਾਂ ਨੂੰ ਰਾਈਫ਼ਲ ਸ਼ੂਟਿੰਗ ਦੀ ਸਿਖਲਾਈ ਦਿੱਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਹਰਪ੍ਰੀਤ ਕੌਰ ਸਿੱਧੂ ਨੇ ਦੱਸਿਆ ਕਿ 5 ਪੰਜਾਬ ਗਰਲਜ਼ ਬਟਾਲੀਅਨ ਮੋਗਾ ਦੇ ਕਮਾਂਡਿੰਗ ਅਫ਼ਸਰ ਕਰਨਲ ਰਾਜਬੀਰ ਸਿੰਘ ਸਿਰਾਓ ਤੇ ਸੂਬੇਦਾਰ ਮੇਜਰ ਰਕੇਸ਼ ਸ਼ੁਕਲਾ ਦੀ ਦੇਖ-ਰੇਖ ਹੇਠ ਐੱਨ ਸੀ ਸੀ ਕੈਡਿਟਾਂ ਨੂੰ ਰਾਈਫ਼ਲ ਸ਼ੂਟਿੰਗ ਦੀ ਸਿਖਲਾਈ ਦਿੱਤੀ ਗਈ, ਜਿਸ ਵਿੱਚ ਐੱਸ ਕੇ ਪਬਲਿਕ ਸਕੂਲ, ਆਰ ਐੱਸ ਡੀ ਕਾਲਜ ਫ਼ਿਰੋਜ਼ਪੁਰ, ਦੇਵ ਸਮਾਜ ਕਾਲਜ ਫ਼ਿਰੋਜ਼ਪੁਰ, ਡੀਏਵੀ ਸਕੂਲ ਫ਼ਿਰੋਜ਼ਪੁਰ, ਐੱਸ ਡੀ ਕਾਲਜ ਮੋਗਾ, ਸੈਕਰਟ ਹਾਰਟ ਸਕੂਲ ਮੋਗਾ, ਖ਼ਾਲਸਾ ਕਾਲਜ ਸਿੱਧਵਾਂ ਖੁਰਦ, ਆਦਰਸ਼ ਸਕੂਲ ਜਵਾਹਰ ਸਿੰਘ ਵਾਲਾ, ਸਿੱਖ ਗਰਲਜ਼ ਸਕੂਲ ਸਿੱਧਵਾਂ ਖੁਰਦ, ਲਾਲਾ ਲਾਜਪਤ ਰਾਏ ਕਾਲਜ ਮੋਗਾ ਦੇ ਗਰਲਜ਼ ਐੱਨ ਸੀ ਸੀ ਕੈਡਿਟਾਂ ਨੇ ਭਾਗ ਲਿਆ।ਇਸ ਮੌਕੇ ਕੈਡਿਟਾਂ ਨੂੰ ਨਿਸ਼ਾਨਾ ਲਗਾਉਣ ਦੇ ਗੁਰ ਦੱਸੇ ਗਏ।ਸਮਾਪਤੀ ਸਮੇਂ ਸਕੂਲ ਦੇ ਡਾਇਰੈਕਟਰ ਕਿਰਨਪ੍ਰੀਤ ਕੌਰ ਸੋਢੀ ਵੱਲੋਂ ਕਮਾਂਡਿੰਗ ਅਫ਼ਸਰ ਕਰਨਲ ਰਾਜਬੀਰ ਸਿੰਘ ਦਾ ਇੱਥੇ ਪਹੁੰਚਣ 'ਤੇ ਧੰਨਵਾਦ ਕੀਤਾ ਗਿਆ।

ਆਈ ਐੱਸ ਐੱਫ ਕਾਲਜ 'ਚ ਇੰਸਟੀਚਿਊਸ਼ਨਲ ਇਨੋਵੇਸ਼ਨ ਕੌਂਸਲ ਦੀ ਮੀਟਿੰਗ

ਮੋਗਾ (ਅਮਰਜੀਤ ਬੱਬਰੀ)-ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ ਐੱਸ ਐੱਫ ਕਾਲਜ ਆਫ ਫਰਾਮੇਸੀ ਵਿਖੇ ਇੰਸਟੀਚਿਊਸ਼ਨਲ ਇਨੋਵੇਸ਼ਨ ਕੌਂਸਲ ਦੇ ਚੌਥੇ ਕੁਆਟਰ ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ ਆਈ ਆਈ ਸੀ ਸੈੱਲ ਦੀ ਕਨਵੀਨਰ ਡਾ. ਪੂਜਾ ਚਾਵਲਾ ਨੇ ਪ੍ਰਧਾਨ ਤੇ ਸੰਸਥਾ ਦੇ ਡਾਇਰੈਕਟਰ ਡਾ. ਜੀ. ਡੀ. ਗੁਪਤਾ, ਮੀਤ ਪ੍

1-July-PAGE- 8 qxd.qxd 6/30/2023 10:04 PM Page 1

ਡਿਪਟੀ ਕਮਿਸ਼ਨਰ ਵੱਲੋਂ ਕਪੂਰਥਲਾ, ਢਿਲਵਾਂ ਤੇ ਸੁਲਤਾਨਪੁਰ ਲੋਧੀ ਖੇਤਰ ਅੰਦਰ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ

ਕਪੂਰਥਲਾ(ਰਾਵਿੰਦਰ ਸਿੰਘ) ਡਿਪਟੀ ਕਮਿਸ਼ਨਰ ਕੈਪਟਨ ਕਰਨੈਲ ਸਿੰਘ ਵਲੋਂ ਅੱਜ ਕਪੂਰਥਲਾ ਜ਼ਿਲ੍ਹੇ ਦੇ ਕਪੂਰਥਲਾ, ਢਿਲਵਾਂ ਅਤੇ ਸੁਲਤਾਨਪੁਰ ਲੋਧੀ ਖੇਤਰ ਦੇ ਧੁੱਸੀ ਬੰਨ੍ਹਾਂ ਦਾ ਦੌਰਾ ਕਰਕੇ ਆਗਾਮੀ ਮਾਨਸੂਨ ਸੀਜ਼ਨ ਦੇ ਮੱਦੇਨਜ਼ਰ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਇਹ ਵੀ ਕਿਹਾ ਕਿ ਜਿਲ੍ਹੇ ਵਿਚ ਸਥਿਤੀ ਬਿਲਕੁਲ ਨਾਰਮਲ ਹੈ ਪਰ ਇਹਤਿਆਤ ਵਜੋਂ ਜਿਲ੍ਹਾ ਪ੍ਰਸ਼ਾਸ਼ਨ ਵਲੋਂ ਸਮੂਹ ਵਿਭਾਗੀ ਅਧਿਕਾਰੀਆਂ ਨੂੰ ਸੁਚੇਤ ਰਹਿਣ ਤੇ ਅਗਾਊਂ ਪ੍ਰਬੰਧ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨਾਂ ਕਿਹਾ ਕਿ ਦਰਿਆ ਬਿਆਸ ਵਿੱਚ ਪਾਣੀ ਦੇ ਪੱਧਰ ਉੱਪਰ ਲਗਾਤਾਰ ਨਜਰਸਾਨੀ ਕੀਤੀ ਜਾ ਰਹੀ ਹੈ । ਉਨਾਂ ਸੁਲਤਾਨਪੁਰ ਲੋਧੀ ਵਿਖੇ ਲੱਖ ਵਰ੍ਹਿਆਂ , ਮੰਡ ਬਾਊਪੁਰ ਵਿਖੇ ਐਡਵਾਂਸ ਬੰਨ੍ਹ ਤੋਂ ਇਲਾਵਾ ਡੇਰਾ ਹਰੀ ਸਿੰਘ ਵਿਖੇ ਧੁੱਸੀ ਬੰਨ੍ਹ ਦੀ ਮਜਬੂਤੀ ਤੇ ਦਰਿਆ ਵੱਲੋਂ ਕੁਝ ਥਾਵਾਂ 'ਤੇ ਜਮੀਨ ਨੂੰ ਖੋਰਾ ਲਾਉਣ ਤੋਂ ਰੋਕਣ ਲਈ ਲਗਾਏ ਜਾ ਰਹੇ ਪੱਥਰ ਦੇ ਸਟੱਡਾਂ ਦੇ ਕੰਮ ਦਾ ਵੀ ਨਿਰੀਖਣ ਕੀਤਾ । ਇਸ ਤੋਂ ਇਲਾਵਾ ਦਰਿਆ ਬਿਆਸ ਪੁਲ ਉੱਪਰ ਗੋਇੰਦਵਾਲ ਸਾਹਿਬ ਪੁਲ ਦਾ ਵੀ ਨਿਰੀਖਣ ਕੀਤਾ ਤਾਂ ਜੋ ਕਿਸੇ ਪਾਣੀ ਦੇ ਵਹਾਅ ਵਿੱਚ ਕਿਸੇ ਕਿਸਮ ਦੀ ਲੱਗਦੀ ਰੋਕ ਨੂੰ ਪਹਿਲਾਂ ਹੀ ਦੂਰ ਕੀਤਾ ਜਾ ਸਕੇ। ਉਨਾਂ ਢਿਲਵਾਂ ਵਿਖੇ ਬਿਆਸ ਦਰਿਆ ਕੰਢੇ ਧੁੱਸੀ ਬੰਨ੍ਹ ਤੇ ਜ਼ਿਲ੍ਹੇ ਅੰਦਰ ਵੱਖ- ਵੱਖ ਡ੍ਰੇਨਾਂ ਦਾ ਵੀ ਦੌਰਾ ਕੀਤਾ। ਡਿਪਟੀ ਕਮਿਸ਼ਨਰ ਵਲੋਂ ਅਧਿਕਾਰੀਆਂ ਨੂੰ ਹੜ੍ਹ ਰੋਕੂ ਪ੍ਰਬੰਧਾਂ ਤਹਿਤ ਦਰਿਆ ਕਿਨਾਰੇ ਧੁੱਸੀ ਬੰਨ੍ਹ ਉੱਪਰ ਪਹਿਚਾਣ ਕੀਤੇ ਕਮਜ਼ੋਰ ਥਾਵਾਂ ਨੂੰ ਮਜ਼ਬੂਤ ਕਰਨ ਦੇ ਕੰਮ ਨੂੰ ਤੇਜੀ ਨਾਲ ਮੁਕੰਮਲ ਕਰਨ ਦੀ ਹਦਾਇਤ ਕੀਤੀ ਗਈ। ਇਸ ਤੋਂ ਇਲਾਵਾ ਸਿੰਚਾਈ ਵਿਭਾਗ ਨੂੰ ਨਿਰਦੇਸ਼ ਦਿੱਤੇ ਗਏ ਕਿ ਪੌਂਗ ਡੈਮ ਤੋਂ ਪਾਣੀ ਛੱਡਣ ਤੇ ਦਰਿਆ ਵਿਚ ਵਗ ਰਹੇ ਪਾਣੀ ਸਬੰਧੀ ਰੋਜ਼ਾਨਾ ਦੇ ਆਧਾਰ 'ਤੇ ਰਿਪੋਰਟ ਦਿੱਤੀ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤਾ ਕਿ ਉਹ ਕਿਸੇ ਵੀ ਅਣਸੁਖਾਵੇਂ ਹਾਲਾਤ ਨਾਲ ਨਜਿੱਠਣ ਲਈ ਬੋਰਿਆਂ, ਮਿੱਟੀ ਦੇ ਪ੍ਰਬੰਧ ਮੁਕੰਮਲ ਕਰਨ ਦੇ ਨਾਲ-ਨਾਲ ਲੋੜ ਪੈਣ 'ਤੇ ਪ੍ਰਭਾਵਿਤ ਲੋਕਾਂ ਦੇ ਰਹਿਣ ਲਈ ਸਰਕਾਰੀ ਇਮਾਰਤਾਂ, ਧਰਮਸ਼ਾਲਾਵਾਂ, ਧਾਰਮਿਕ ਸਥਾਨਾਂ ਆਦਿ ਦੀ ਪਹਿਲਾਂ ਹੀ ਤਸਦੀਕ ਕਰਕੇ ਰੱਖਣ ਤਾਂ ਜੋ ਲੋਕਾਂ ਨੂੰ ਤੁਰੰਤ ਸੁਰੱਖਿਅਤ ਥਾਂਵਾਂ 'ਤੇ ਤਬਦੀਲ ਕੀਤਾ ਦਾ ਸਕੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਿਲ੍ਹਾ ਪ੍ਰਸ਼ਾਸ਼ਨ ਵਲੋਂ ਕੁਦਰਤੀ ਆਫਤ ਪ੍ਰਬੰਧਨ ਸਬੰਧੀ ਐਕਸ਼ਨ ਪਲਾਨ ਤਿਆਰ ਕਰ ਲਿਆ ਗਿਆ ਹੈ, ਜਿਸ ਤਹਿਤ ਕਿਸੇ ਵੀ ਆਫਤ ਵੇਲੇ ਰਾਹਤ ਕਾਰਜਾਂ ਦੀ ਰੂਪ ਰੇਖਾ ਉਲੀਕੀ ਗਈ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਸਬੰਧਿਤ ਐਸ.ਡੀ.ਐਮਜ਼, ਮਾਲ ਵਿਭਾਗ, ਸਿੰਚਾਈ ਤੇ ਡਰੇਨਜ਼ ਵਿਭਾਗ ਸਾਂਝੇ ਤੌਰ 'ਤੇ ਬਿਹਤਰੀਨ ਤਾਲਮੇਲ ਸ਼ਥਾਪਿਤ ਕਰਨ ਤਾਂ ਜੋ ਲੋੜ ਅਨੁਸਾਰ ਤੁਰੰਤ ਕਾਰਵਾਈ ਅਮਲ ਵਿਚ ਲਿਆਂਦੀ ਜਾ ਸਕੇ। ਉਨਾਂ ਆਪਣੇ ਦੌਰੇ ਦੌਰਾਨ ਮੰਡ ਖੇਤਰ ਦੇ ਕਿਸਾਨਾਂ ਨਾਲ ਗੱਲਬਾਤ ਕੀਤੀ ਤੇ ਉਨਾਂ ਵੱਲੋਂ ਦੱਸੀਆਂ ਮੁਸ਼ਕਿਲਾਂ ਦੇ ਹੱਲ ਲਈ ਸੰਬੰਧਿਤ ਐਸ ਡੀ ਐਮਜ ਨੂੰ ਤੁਰੰਤ ਹੱਲ ਲਈ ਨਿਰਦੇਸ਼ ਜਾਰੀ ਕੀਤੇ । ਇਸ ਮੌਕੇ ਉਨ੍ਹਾਂ ਨਾਲ ਸਮੂਹ ਐਸ.ਡੀ.ਐਮਜ, ਸਿੰਚਾਈ ਤੇ ਡ੍ਰੇਨੇਜ ਵਿਭਾਗ ਦੇ ਅਧਿਕਾਰੀ ਵੀ ਹਾਜ਼ਰ ਸਨ।

22 ਗ੍ਰਾਮ ਹੈਰੋਇਨ ਸਮੇਤ 2 ਕਾਬੂ

ਫਿਲੌਰ (ਨਿਰਮਲ)- ਡੀ.ਐਸ.ਪੀ ਫਿਲੌਰ ਜਗਦੀਸ਼ ਰਾਜ ਜੀ ਦੀ ਅਗਵਾਈ ਹੇਠ ਥਾਣਾ ਮੁੱਖੀ ਫਿਲੌਰ ਇੰਸਪੈਕਟਰ ਹਰਜਿੰਦਰ ਸਿੰਘ ਦੀ ਟੀਮ ਨੇ 2 ਨਸ਼ਾ ਤਸਕਰਾਂ ਨੂੰ 22 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਡੀ.ਐਸ.ਪੀ ਨੇ ਦੱਸਿਆ ਕਿ ਸਹਾਇਕ ਸਬ ਇੰਸਪੈਕਟਰ ਸੁਖਵਿੰਦਰ ਪਾਲ ਸਿੰਘ ਚੌਕੀ ਇੰਚਾਰਜ ਅੱਪਰਾ (ਫਿਲੌਰ) ਵੱਲੋਂ ਕਮਲਦੀਪ ਉਰਫ ਲੱਡੂ ਪੁੱਤਰ ਜੋਗਿੰਦਰ ਰਾਮ ਵਾਸੀ ਥਲਾ (ਫਿਲੌਰ) ਨੂੰ ਗ੍ਰਿਫਤਾਰ ਕਰਕੇ ਇਸਦੇ ਕਬਜੇ ਵਿੱਚੋਂ 10 ਗ੍ਰਾਮ ਹੈਰੋਇਨ ਅਤੇ ਬਲਵਿੰਦਰ ਰਾਮ ਉਰਫ ਵਿਜੈ ਚੁੰਬਰ ਪੁੱਤਰ ਹਰਬੰਸ ਲਾਲ ਵਾਸੀ ਸਮਰਾੜੀ (ਫਿਲੌਰ) ਨੂੰ ਗ੍ਰਿਫ਼ਤਾਰ ਕਰਕੇ ਇਸ ਪਾਸੋਂ 12 ਗ੍ਰਾਮ ਹੈਰੋਇਨ ਬਰਾਮਦ ਕਰਕੇ ਮੁਕੱਦਮਾ ਨੰਬਰ 171 ਜੁਰਮ 21ਬੀ-ਐਨ.ਡੀ.ਪੀ.ਐਸ ਐਕਟ ਤਹਿਤ ਥਾਣਾ ਫਿਲੌਰ ਵਿਖੇ ਦਰਜ ਕੀਤਾ ਗਿਆ।

ਸਮੂਹ ਸਿਹਤ ਤੇ ਤੰਦਰੁਸਤੀ ਕੇਂਦਰਾਂ ਵਿੱਚ ਟੀਕਾਕਰਨ ਕੈਂਪ ਲਗਾਏ

ਸ੍ਰੀ ਚਮਕੌਰ ਸਾਹਿਬ ਕੁਲਵਿੰਦਰ ਕਾਲਰਾ) - ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਗੋਬਿਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਬਲਾਕ ਚਮਕੌਰ ਸਾਹਿਬ ਦੇ ਸਮੂਹ ਸਿਹਤ ਤੇ ਤੰਦਰੁਸਤੀ ਕੇਂਦਰਾਂ ਵਿੱਚ ਗਰਭਵਤੀ ਮਹਿਲਾਂਵਾ ਅਤੇ ਬੱਚਿਆਂ ਲਈ ਟੀਕਾਕਰਨ ਕੈਂਪਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਡਾ.ਟੰਡਨ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਹਰੇਕ ਗਰਭਵਤੀ ਮਹਿਲਾ ਨੂੰ ਆਪਣਾ ਟੀਕਾਕਰਨ ਸਮੇਂ ਸਿਰ ਕਰਵਾਉਣਾ ਚਾਹੀਦਾ ਹੈ ਤਾਂ ਜੋ ਜੱਚਾ ਬੱਚਾ ਦੋਵੇਂ ਤੰਦਰੁਸਤ ਰਹਿਣ ਅਤੇ ਬੱਚਿਆਂ ਦਾ ਟੀਕਾਕਰਨ ਸਾਰਨੀ ਮੁਤਾਬਿਕ ਸਮੇਂ ਸਿਰ ਹੋਣਾ ਜਰੂਰੀ ਹੈ ਤਾਂ ਜੋ ਮਾਰੂ ਰੋਗਾਂ ਤੋਂ ਬਚਾਅ ਲਈ ਟੀਕਾਕਰਨ ਰਾਂਹੀ ਬੱਚਿਆਂ ਵਿੱਚ ਰੋਗਾਂ ਨਾਲ ਲੜਨ ਦੀ ਤਾਕਤ ਮਿਲ ਸਕੇ। ਇਸ ਮੌਕੇ ਤੇ ਹਰਵਿੰਦਰ ਸਿੰਘ ਬੀ.ਈ.ਈ ਨੇ ਕਿਹਾ ਕਿ ਹਰੇਕ ਸਿਹਤ ਕੇਂਦਰ ਅਧੀਨ ਇੱਕ ਥਾਂ ਤੇ ਹਰ ਹਫ਼ਤੇ ਦੇ ਬੁੱਧਵਾਰ ਨੂੰ ਟੀਕਾਕਰਨ ਕੈਂਪ ਲੱਗਦਾ ਹੈ ਤਾਂ ਜੋ ਗਰਭਵਤੀ ਮਹਿਲਾਂਵਾ ਤੇ ਬੱਚਿਆਂ ਦਾ ਟੀਕਾਕਰਨ ਪੂਰਾ ਹੋ ਸਕੇ। ਉਨ੍ਹਾਂ ਕਿਹਾ ਕਿ ਬੱਚੇ ਨੂੰ ਪਹਿਲੇ 6 ਮਹੀਨੇ ਮਾਂ ਦਾ ਦੁੱਧ ਪਿਲਾਉਣਾ ਲਾਜਮੀ ਹੈ ਤਾਂ ਜੋ ਬੱਚੇ ਨੂੰ 40 ਸਾਲ ਦੀ ਉਮਰ ਤੱਕ ਰੋਗਾਂ ਨਾਲ ਲੜਨ ਦੀ ਸ਼ਕਤੀ ਮਿਲ ਸਕੇ। ਬੱਚਿਆਂ ਨੂੰ ਓਪਰਾ ਦੁੱਧ ਪਿਲਾਉਣ ਨਾਲ ਡਾਇਰੀਆ ਵਰਗੀਆਂ ਬਿਮਾਰੀਆਂ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਬੱਚੇ ਨੂੰ ਇੰਨਫੈਕਸ਼ਨ ਤੋਂ ਦੂਰ ਰੱਖਣ ਲਈ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋ ਕੇ ਸਾਫ ਕਰਿਆ ਜਾਵੇ ਫਿਰ ਬੱਚੇ ਨੂੰ ਚੁੱਕਿਆ ਜਾਵੇ। ਇਸ ਮੌਕੇ ਤੇ ਸਮੂਹ ਸੀ.ਐਚ.ਓਜ਼,ਸਮੂਹ ਏ.ਐਨ.ਐਮਜ਼,ਸਮੂਹ ਮਲਟੀਪਰਪਜ਼ ਹੈਲਥ ਵਰਕਰ ਅਤੇ ਪਤਵੰਤੇ ਸੱਜਣ ਹਾਜਰ ਸਨ।

ਆਪ ਆਗੂਆਂ ਵੱਲੋਂ ਏਕਤਾ ਤੇ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ

ਜਲੰਧਰ-(ਸ਼ੈਲੀ ਐਲਬਰਟ)- ਪੰਜਾਬ ਦੇ ਸਥਾਨਕ ਸਰਕਾਰਾਂ ਅਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਬਲਕਾਰ ਸਿੰਘ ਅਤੇ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿਕੂ ਨੇ ਮੁਸਲਿਮ ਭਾਈਚਾਰੇ ਨੂੰ ਈਦ-ਉੱਲ-ਜ਼ੁਹਾ ਦੀ ਮੁਬਾਰਕਬਾਦ ਦਿੰਦਿਆਂ ਇਸ ਪਵਿੱਤਰ ਦਿਹਾੜੇ 'ਤੇ ਆਪਸੀ ਏਕਤਾ ਅਤੇ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ ਦਿੱਤਾ ।

ਸਥਾਨਕ ਬਿਲਾਲ ਮਸਜਿਦ ਅਤੇ ਈਦਗਾਹ ਮਸਜਿਦ ਵਿਖੇ ਈਦ ਦੀ ਨਮਾਜ਼ ਮੌਕੇ ਸ਼ਿਰਕਤ ਕਰਦਿਆਂ ਕੈਬਨਿਟ ਮੰਤਰੀ ਅਤੇ ਲੋਕ ਸਭਾ ਮੈਂਬਰ ਨੇ ਕਿਹਾ ਕਿ ਈਦ-ਉੱਲ-ਜ਼ੂਹਾ ਦਾ ਤਿਉਹਾਰ ਰੱਬ ਦੀ ਰਜ਼ਾ ਲਈ ਸਮਰਪਿਤ, ਸ਼ਰਧਾ, ਦਿਆਲੁਤਾ ਤੇ ਭਾਈਚਾਰਕ ਏਕਤਾ ਦਾ ਪ੍ਰਤੀਕ ਹੈ । ਉਨ੍ਹਾਂ ਈਦ ਮੌਕੇ ਸਾਰਿਆਂ ਨੂੰ ਮਿਲ-ਜੁਲ ਕੇ ਰਹਿਣ ਅਤੇ ਆਪਸੀ ਪਿਆਰ ਦਾ ਪੈਗਾਮ ਵੰਡਣ ਦਾ ਸੰਦੇਸ਼ ਦਿੱਤਾ । ਉਨ੍ਹਾਂ ਕਿਹਾ ਕਿ ਹਰ ਧਰਮ ਸਮੁੱਚੀ ਮਨੁੱਖਤਾ ਦੀ ਭਲਾਈ ਦਾ ਸੰਦੇਸ਼ ਦਿੰਦਾ ਹੈ ਅਤੇ ਸਾਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹੋਏ ਸਮੁੱਚੀ ਮਨੁੱਖਤਾ ਦੀ ਸੇਵਾ ਲਈ ਸਮਰਪਿਤ ਹੋਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਹਰ ਧਰਮ ਦੇ ਤਿਉਹਾਰ ਰਲ-ਮਿਲ ਕੇ ਮਨਾਉਣੇ ਸਾਡੀ ਰਿਵਾਇਤ ਹੈ ਅਤੇ ਇਸ ਪਵਿੱਤਰ ਦਿਹਾੜੇ 'ਤੇ ਸਾਨੂੰ ਆਪਸੀ ਪ੍ਰੇਮ ਅਤੇ ਸਦਭਾਵਨਾ ਨੂੰ ਹੋਰ ਦ੍ਰਿੜ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ ।।ਉਨ੍ਹਾਂ ਇਹ ਵੀ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਦੀ ਹੈ ਅਤੇ ਸੂਬੇ ਵਿੱਚ ਘੱਟ ਗਿਣਤੀ ਭਾਈਚਾਰੇ ਦੀ ਭਲਾਈ ਅਤੇ ਉਨ੍ਹਾਂ ਨੂੰ ਬਰਾਬਰ ਦੇ ਹੱਕ ਦੇਣ ਲਈ ਵਚਨਬੱਧ ਹੈ ।ਇਸ ਮੌਕੇ ਆਪ ਦੇ ਮਾਇਨਾਰਿਟੀ ਸੈਲ ਦੇ ਪ੍ਰਧਾਨ ਅਬਦੁਲ ਬਾਰੀ ਸਲਮਾਨੀ, ਮਾਇਨਾਰਿਟੀ ਕਮਿਸ਼ਨ ਦੇ ਮੈਂਬਰ ਨਸੀਰ ਸਲਮਾਨੀ, ਕਲੀਮ ਆਜ਼ਾਦ ਆਦਿ ਨੇ ਵੀ ਨਮਾਜ਼ ਅਦਾ ਕੀਤੀ। ।

ਕੌਂਸਲ ਆਫ ਡਿਪਲੋਮਾ ਇੰਨਜੀਨੀਅਰਜ਼ ਵੱਲੋਂ ਮੁਲਾਜ਼ਮ ਆਗੂਆਂ ਦੇ ਵਿਛੋੜੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਕੌਂਸਲ ਆਫ ਡਿਪਲੋਮਾ ਇੰਜਨੀਅਰਜ ਪੰਜਾਬ,ਹਿਮਾਚਲ ਪ੍ਰਦੇਸ਼,ਚੰਡੀਗੜ੍ਹ (ਯੂ. ਟੀ.) ਹਰਿਆਣਾ ਅਤੇ ਜੰਮੂ ਤੇ ਕਸ਼ਮੀਰ ਦੇ ਆਗੂਆਂ ਇੰਜ: ਵਾਸੁਦੇਵ ਸ਼ਮਾ ਫਾਊਂਡਰ ਕੌਂਸਲ, ਇੰਜ:ਪ੍ਰਗਟ ਸਿੰਘ ਗਰੇਵਾਲ ਮੁੱਖ ਸਲਾਹਕਾਰ ਕੌਂਸਲ, ਇੰਜ: ਮਨਜਿੰਦਰ ਸਿੰਘ ਮੱਤੇਨੰਗਲ ਚੇਅਰਮੈਨ, ਇੰਜ: ਸੁਖਵਿੰਦਰ ਸਿੰਘ ਬਾਂਗੋਬਾਨੀ ਸਕੱਤਰ ਜਨਰਲ, ਇੰਜ: ਰਜਿੰਦਰ ਕੁਮਾਰ ਗੌੜ ਮੁੱਖ ਸਰਪ੍ਰਸਤ ਕੌਂਸਲ ,ਇੰਜ:ਦਿਲਪ੍ਰੀਤ ਸਿੰਘ ਲੋਹਟ ਸੀਨੀਅਰ ਵਾਈਸ ਚੇਅਰਮੈਨ ਤੇ ਸੂਬਾ ਪ੍ਰਧਾਨ ਡੀ: ਈ: ਏ: ਲੋ: ਨਿ: ਵਿ:(ਭ ਤੇ ਮ) ਸਾਖਾ ਪੰਜਾਬ, ਇੰਜ: ਪਰਵਿੰਦਰ ਕੁਮਾਰ ਸੂਬਾ ਜਨਰਲ ਸਕੱਤਰ ਡੀ: ਈ: ਏ: ਪੰਜਾਬ, ਇੰਜ: ਰਾਜਿੰਦਰ ਕੁਮਾਰ ਕੱਕੜ ਸਲਾਹਕਾਰ, ਇੰਜ: ਗੁਲਜਾਰ ਸਿੰਘ ਲੁਧਿਆਣਾ ਸਲਾਹਕਾਰ (ਜਲ ਸ੍ਰੋਤ ਵਿਭਾਗ ਪੰਜਾਬ) ਇੰਜ: ਸਤਨਾਮ ਸਿੰਘ ਮੱਟੂ ਕੋ ਕਨਵੀਨਰ (ਜਲ ਸਪਲਾਈ ਤੇ ਸੈਨੀਟੇਸ਼ਨ ਪੰਜਾਬ) ਇੰਜ: ਹਰਮਨਜੀਤ ਸਿੰਘ ਧਾਲੀਵਾਲ ਵਾਈਸ ਚੇਅਰਮੈਨ,ਇੰਜ: ਹਰਿੰਦਰ ਸਿੰਘ ਗਿੱਲ ਸੂਬਾ ਪ੍ਰਧਾਨ, ਇੰਜ: ਪਲਵਿੰਦਰ ਸਿੰਘ ਪੰਧੇਰ ਸੂਬਾ ਜਨਰਲ ਸਕੱਤਰ ਪੰਚਾਇਤੀ ਰਾਜ ਜੇ .ਈ, ਏ. ਈ, ਐੱਸ .ਡੀ.ਓ (ਪਦ ਉੱਨਤ) ਐਸੋਸੀਏਸ਼ਨ ਪੰਜਾਬ,ਇੰਜ: ਗੁਰਤੇਜ ਸਿੰਘ ਲੁਧਿਆਣਾ ਸਲਾਹਕਾਰ (ਜਲ ਸਪਲਾਈ ਤੇ ਸੀਵਰੇਜ ਬੋਰਡ ਪੰਜਾਬ) ਇੰਜ: ਮਹਿੰਦਰ ਸਿੰਘ ਮਲੋਆ, ਇੰਜ: ਚਮਕੌਰ ਸਿੰਘ ਚਹਿਲ, ਇੰਜ: ਰੇਸਮ ਸਿੰਘ (ਸਾਰੇ ਆਗੂ ਪੁੱਡਾ) ਇੰਜ: ਹਰਵਿੰਦਰ ਸਿੰਘ ਕਾਰਜਕਾਰੀ ਇੰਜੀਨੀਅਰ ਨਗਰ ਨਿਗਮ ਲੁਧਿਆਣਾ, ਇੰਜ: ਗੁਰਵਿੰਦਰ ਸਿੰਘ ਬੇਦੀ ਸਲਾਹਕਾਰ ਕੌਂਸਲ, ਇੰਜ: ਵੀ. ਕੇ. ਕਪੂਰ ਕਾਰਜਕਾਰੀ ਇੰਜੀਨੀਅਰ ਸੂਬਾ ਸਲਾਹਕਾਰ ਡੀ: ਈ: ਏ: ਪੰਜਾਬ, ਇੰਜ: ਸੁਖਰਾਜ ਸਿੰਘ ਸੰਧੂ ਏ. ਟੀ.ਪੀ ਸੇਵਾ ਮੁਕਤ ,ਇੰਜ: ਅਵਤਾਰ ਸਿੰਘ ਹਾਂਸ ਐਸ ਡੀ ਓ ਸੇਵਾਮੁਕਤ ਪੰਜਾਬ ਮੰਡੀ ਬੋਰਡ,ਇੰਜ: ਕੁਲਬੀਰ ਸਿੰਘ ਬੈਨੀਪਾਲ ਪ੍ਰੈੱਸ ਸਕੱਤਰ ਕੌਂਸਲ, ਇੰਜ: ਮੋਹਨ ਸਿੰਘ ਸਹੋਤਾ, ਇੰਜ: ਹਰਜੀਤ ਸਿੰਘ ਬੈਨੀਪਾਲ(ਦੋਵੇਂ ਸੀਨੀਅਰ ਮੀਤ ਪ੍ਰਧਾਨ ਡੀ.ਈ.ਏ ਪੰਜਾਬ,ਇੰਜ: ਰੁਪਿੰਦਰ ਸਿੰਘ ਜੱਸੜ ਵਿੱਤ ਸਕੱਤਰ ਕੌਂਸਲ ਆਦਿ ਸਮੇਤ ਹੋਰ ਬਹੁਤ ਸਾਰੇ ਆਗੂਆਂ ਵੱਲੋਂ ਮੁਲਾਜਮਤ ਲਹਿਰ ਦੇ ਨਿਧੜਕ ਆਗੂਆਂ ਸਾਥੀ ਠਾਕੁਰ ਸਿੰਘ, ਸਾਥੀ ਪ੍ਰੇਮ ਸਾਗਰ ਸ਼ਰਮਾ ਸਮਰਾਲਾ (ਦੋਵੇਂ ਆਗੂ ਮੁਲਾਜਮ ਅਤੇ ਪੈਨਸ਼ਨ ਸਾਂਝਾ ਫਰੰਟ ਦੇ ਕਨਵੀਨਰਜ) ਦੇ ਵਿਛੋੜੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਦੋਵੇਂ ਆਗੂ ਸੰਘਰਸ਼ਾਂ ਦੇ ਨਿਡਰ ਦੇ ਥੰਮ ਰਹੇ ਹਨ। ਇਹਨਾਂ ਦੇ ਸਦੀਵੀ ਵਿਛੋੜੇ ਨਾਲ ਮੁਲਾਜਮਤ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਸੀ ਜੀ ਸੀ ਲਾਂਡਰਾਂ ਬਿੱਗ ਇਮਪੈਕਟ ਐਵਾਰਡਸ ਨਾਲ ਸਨਮਾਨਤ

ਚੰਡੀਗੜ੍ਹ (ਗੁਰਜੀਤ ਬਿੱਲਾ)-ਚੰਡੀਗੜ੍ਹ ਗਰੁੱਪ ਆਫ ਕਾਲਜਿਜ਼ (ਸੀਜੀਸੀ) ਲਾਂਡਰਾ ਨੂੰ ਖੋਜ, ਨਵੀਨਤਾ ਅਤੇ ਪਲੇਸਮੈਂਟਸ ਦੇ ਖੇਤਰ ਵਿੱਚ ਵਧਿਆ ਪ੍ਰਦਰਸ਼ਨ ਲਈ ਬਿੱਗ ਇਮਪੈਕਟ ਐਵਾਰਡਸ-2023 ਨਾਲ ਸਨਮਾਨਿਆ ਗਿਆ। ਇਹ ਪ੍ਰੋਗਰਾਮ ਸ਼ਿਮਲਾ ਵਿਖੇ ਕਰਵਾਇਆ ਗਿਆ ਅਤੇ ਇਸ ਦੀ ਪ੍ਰਧਾਨਗੀ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਠਾਕੁਰ ਸੁਖਵਿੰਦਰ ਸਿੰਘ ਸੁੱਖੂ ਵੱਲੋਂ ਕੀਤੀ ਗਈ। ਜਿਨ੍ਹਾਂ ਨੇ ਸੀਜੀਸੀ ਲਾਂਡਰਾਂ ਦੇ ਕੈਂਪਸ ਡਾਇਰੈਕਟਰ ਡਾ. ਪੀਐਨ ਹਰੀਸ਼ਕੇਸ਼ਾ ਨੂੰ ਐਵਾਰਡ ਦੇ ਕੇ ਸਨਮਾਨਿਤ ਕੀਤਾ। ਬਿੱਗ ਇਮਪੈਕਟ ਐਵਰਡਸ ਦੇ 15ਵੇਂ ਐਡੀਸ਼ਨ ਵਿੱਚ ਸਿੱਖਿਆ ਸਣੇ ਵੱਖ ਵੱਖ ਖੇਤਰਾਂ ਵਿੱਚ ਵਿਅਕਤੀਆਂ ਅਤੇ ਅਦਾਰਿਆਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਉਨ੍ਹਾਂ ਨੂੰ ਸਨਮਾਨਿਆ ਗਿਆ। ਪ੍ਰੋਗਰਾਮ ਦੌਰਾਨ ਕੈਂਪਸ ਡਾਇਰੈਕਟਰ ਡਾ. ਹਰੀਸ਼ਕੇਸ਼ਾ

1-July-PAGE- 9 qxd.qxd 6/30/2023 10:04 PM Page 1

ਅਮਨ ਅਰੋੜਾ ਵੱਲੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ

ਚੰਡੀਗੜ੍ਹ, (ਗੁਰਜੀਤ ਬਿੱਲਾ)- ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 184ਵੀਂ ਬਰਸੀ ਦੇ ਮੌਕੇ ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ਰਧਾ ਦੇ ਫੁੱਲ ਤੇ ਸਤਿਕਾਰ ਭੇਟ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਦੇ ਨਾਨਕਾ ਪਿੰਡ ਬਡਰੁੱਖਾਂ ਵਿਖੇ ਰਾਜ ਪੱਧਰੀ ਬਰਸੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਹਾਲ ਹੀ ਵਿੱਚ ਪੰਜਾਬ ਸਰਕਾਰ ਵੱਲੋਂ ਬਡਰੁੱਖਾਂ ਵਿਖੇ ਸਥਾਪਤ ਕਰਵਾਏ ਗਏ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਉੱਪਰ ਫੁੱਲ ਮਾਲਾਵਾਂ ਪਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਪੈੜਾਂ ਬਹੁਤ ਡੂੰਘੀਆਂ, ਮਜ਼ਬੂਤ ਤੇ ਪਵਿੱਤਰ ਹਨ ਜਿਸਦਾ ਅੰਦਾਜ਼ਾ ਉਨ੍ਹਾਂ ਦੇ ਰਾਜ ਕਰਨ ਦੇ ਢੰਗ ਤੋਂ ਲਾਇਆ ਜਾ ਸਕਦਾ ਹੈ ਤੇ ਮਾਨ ਸਰਕਾਰ ਉਨ੍ਹਾਂ ਦਾ ਹਰ ਮੌਕੇ ਉੱਪਰ ਸਨਮਾਨ ਕਰਦੀ ਹੈ। ਅਨਾਜ ਮੰਡੀ ਬਡਰੁੱਖਾਂ ਵਿਖੇ ਆਯੋਜਿਤ ਰਾਜ ਪੱਧਰੀ ਸਮਾਗਮ ਦੌਰਾਨ ਲੋਕਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਜੀ ਨੇ ਦਲੇਰਾਨਾ ਢੰਗ ਨਾਲ ਸਿੱਖ ਰਾਜ ਸਥਾਪਤ ਕੀਤਾ ਸੀ ਜਿਸ ਤੋਂ ਬਾਅਦ ਉਹ ਸਿਰਫ਼ ਸਿੱਖਾਂ ਦੇ ਹੀ ਮਹਾਰਾਜਾ ਨਹੀਂ ਬਣੇ ਸਗੋਂ ਉਨ੍ਹਾਂ ਦੀ ਧਰਮ ਨਿਰਪੱਖਤਾ ਵਾਲੀ ਸੋਚ ਕਾਰਨ ਹਰ ਫ਼ਿਰਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਆਪਣਾ ਮਹਾਰਾਜਾ ਬਣਾਇਆ। ਉਨ੍ਹਾਂ ਕਿਹਾ ਕਿ ਅੱਜ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮਹਾਰਾਜਾ ਰਣਜੀਤ ਸਿੰਘ ਵੱਲੋਂ ਸਭ ਨੂੰ ਇੱਕ ਬਰਾਬਰ ਦੇਖਣ ਅਤੇ ਰੱਖਣ ਅਤੇ ਸਭ ਨੂੰ ਬਿਨਾਂ ਕਿਸੇ ਭੇਦ-ਭਾਵ ਤੋਂ ਹੱਕ ਤੇ ਇਨਸਾਫ਼ ਦੇਣ ਅਤੇ ਸਰਵਪੱਖੀ ਵਿਕਾਸ ਕਰਨ ਦੇ ਪਾਏ ਪੂਰਨਿਆਂ ਉੱਪਰ ਦਿਨ-ਰਾਤ ਇੱਕ ਕਰਕੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਮਾਨ ਸਰਕਾਰ ਸਮਾਜ ਦੀਆਂ ਅਲਾਮਤਾਂ ਨੂੰ ਖਤਮ ਕਰਕੇ ਪੰਜਾਬ ਨੂੰ ਮੁੜ ਮਹਾਰਾਜਾ ਰਣਜੀਤ ਸਿੰਘ ਦਾ ਰੰਗਲਾ ਪੰਜਾਬ ਬਣਾਉਣ ਲਈ ਨਿਰੰਤਰ ਯਤਨ ਕਰ ਰਹੀ ਹੈ। ਅਮਨ ਅਰੋੜਾ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ, ਐਸ.ਐਸ.ਪੀ. ਸੁਰੇਂਦਰ ਲਾਂਬਾ, ਐਸ.ਡੀ.ਐਮ. ਨਵਰੀਤ ਕੌਰ ਸੇਖੋਂ, ਚੇਅਰਮੈਨ ਨਗਰ ਸੁਧਾਰ ਟਰੱਸਟ ਪ੍ਰੀਤਮ ਸਿੰਘ ਪੀਤੂ, ਚੇਅਰਮੈਨ ਮਾਰਕਿਟ ਕਮੇਟੀ ਸੁਨਾਮ ਮੁਕੇਸ਼ ਜੁਨੇਜਾ, ਚੇਅਰਪਰਸਨ ਬਲਾਕ ਸੰਮਤੀ ਜਸਪਾਲ ਕੌਰ, ਪ੍ਰਧਾਨ ਨਗਰ ਕੌਂਸਲ ਲੌਂਗੋਵਾਲ ਪਰਮਿੰਦਰ ਕੌਰ ਬਰਾੜ ਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

ਚੋਰੀ ਦੇ ਸਮਾਨ ਸਮੇਤ ਨੌਜਵਾਨ ਕਾਬੂ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)- ਸਥਾਨਕ ਪੁਲਸ ਨੇ ਇਕ ਨੌਜਵਾਨ ਨੂੰ ਚੋਰੀ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰਕੇ ਉਸ ਵਿਰੁੱਧ ਮਾਮਲਾ ਦਰਜ ਕੀਤਾ ਹੈ। ਸਥਾਨਕ ਥਾਣਾ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪਿੰਕੀ ਪਤਨੀ ਅਵਤਾਰ ਸਿੰਘ ਵਾਸੀ ਤਖਤਗੜ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਹ ਆਪਣੀ ਰਿਸ਼ਤੇਦਾਰੀ ਵਿੱਚ ਜਲੰਧਰ ਵਿਖੇ ਗਈ ਹੋਈ ਸੀ ਤੇ ਜਦੋਂ ਉਹ ਵਾਪਸ ਆਪਣੇ ਘਰ ਆਈ ਤਾਂ ਦੇਖਿਆ ਕਿ ਘਰ ਦੇ ਅੰਦਰ ਸਾਰਾ ਸਾਮਾਨ ਖਿਲਰਿਆ ਪਿਆ ਸੀ। ਜਦੋਂ ਉਸ ਨੇ ਸਮਾਨ ਚੈੱਕ ਕੀਤਾ ਤਾਂ ਘਰ ਦਾ ਕੁਝ ਸਮਾਨ ਗਾਇਬ ਸੀ ਜਿਸਨੂੰ ਅਮਨਪ੍ਰੀਤ ਸਿੰਘ ਉਰਫ ਅਮਨਾ ਵਾਸੀ ਤਖਤਗੜ ਵੱਲੋਂ ਚੋਰੀ ਕਰ ਲਿਆ ਗਿਆ ਸੀ। ਜਿਸ ਤਹਿਤ ਉਕਤ ਮੁਲਜਮ ਵਿਰੁੱਧ ਆਈਪੀਸੀ ਦੀ ਧਾਰਾ 457, 380 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਉਪਰੰਤ ਏ ਐਸ ਆਈ ਦਲਜੀਤ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਨਾਕਾਬੰਦੀ ਕਰਕੇ ਜਾਂਚ ਸ਼ੁਰੂ ਕੀਤੀ ਗਈ ਜਿਸ ਦੌਰਾਨ ਉਕਤ ਮੁਲਜਮ ਨੂੰ ਕਾਬੂ ਕਰਕੇ ਗ੍ਰਿਫਤਾਰ ਕੀਤਾ ਗਿਆ ਅਤੇ ਉਸ ਕੋਲੋਂ ਚੋਰੀ ਦਾ ਸਾਮਾਨ ਇਕ ਭਾਰਤ ਗੈਸ ਸਲੰਡਰ, ਇਕ ਮਿਕਸੀ ਅਤੇ ਇਕ ਮੋਟਰਸਾਈਕਲ ਨੰਬਰ ਪੀਬੀ 16 ਐਫ 2446 ਸੀ ਟੀ100 ਬਰਾਮਦ ਕੀਤਾ ਗਿਆ ਹੈ।

ਸੇਂਟ ਸੋਲਜਰ ਲਾਅ ਕਾਲਜ ਨੇ ਮਨਾਇਆ ਵਿਸ਼ਵ ਸੋਸ਼ਲ ਮੀਡੀਆ ਦਿਵਸ

ਜਲੰਧਰ, (ਇਕਬਾਲ ਸਿੰਘ ਉਭੀ)- ਸੇਂਟ ਸੋਲਜਰ ਲਾਅ ਕਾਲਜ ਨੇ ਵਿਸ਼ਵ ਸੋਸ਼ਲ ਮੀਡੀਆ ਦਿਵਸ 'ਤੇ ਸੈਮੀਨਾਰ ਦਾ ਆਯੋਜਨ ਕਰਕੇ ਇਹ ਦਿਵਸ ਮਨਾਇਆ। ਜਿਸ ਵਿੱਚ ਸੋਸ਼ਲ ਮੀਡੀਆ ਨੇ ਸਾਡੀ ਜ਼ਿੰਦਗੀ ਵਿੱਚ ਲਿਆਂਦੀਆਂ ਸਾਰੀਆਂ ਤਬਦੀਲੀਆਂ ਨੂੰ ਉਜਾਗਰ ਕਰਨ ਲਈ ਸੇਂਟ ਸੋਲਜਰ ਇੰਸਟੀਚਿਊਟ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ ਦੇ ਪ੍ਰਿੰਸੀਪਲ ਡਾ. ਗੁਰਪ੍ਰੀਤ ਸਿੰਘ ਸੈਣੀ ਮੁੱਖ ਬੁਲਾਰੇ ਰਹੇ, ਜਿਨ੍ਹਾਂ ਦਾ ਸਵਾਗਤ ਡਾਇਰੈਕਟਰ ਡਾ. ਸੁਭਾਸ਼ ਸ਼ਰਮਾ ਨੇ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਗੁਰਪ੍ਰੀਤ ਸਿੰਘ ਸੈਣੀ ਨੇ ਦੱਸਿਆ ਕਿ ਇਸ ਦਿਵਸ ਨੂੰ ਮਨਾਉਣ ਦਾ ਮਕਸਦ ਸੋਸ਼ਲ ਮੀਡੀਆ ਦੇ ਪ੍ਰਭਾਵ ਅਤੇ ਵਿਸ਼ਵ ਸੰਚਾਰ ਵਿਚ ਇਸ ਦੀ ਭੂਮਿਕਾ ਨੂੰ ਉਜਾਗਰ ਕਰਨਾ ਹੈ। ਸਿਕਸਡਿਗਰੀ ਦੁਨੀਆ ਵਿੱਚ ਲਾਂਚ ਕੀਤਾ ਗਿਆ ਪਹਿਲਾ ਸੋਸ਼ਲ ਮੀਡੀਆ ਪਲੇਟਫਾਰਮ ਸੀ। ਜੋ ਕਿ 1997 ਵਿੱਚ ਕੀਤਾ ਗਿਆ ਸੀ, ਇਸ ਪਲੇਟਫਾਰਮ ਦੀ ਸਥਾਪਨਾ ਐਂਡਰਿਊ ਵੇਨਰਿਚ ਦੁਆਰਾ ਕੀਤੀ ਗਈ ਸੀ। ਇਸ ਦੇ ਨਾਲ ਹੀ, ਸਾਲ 2001 ਵਿੱਚ, ਇਸਦੇ 10 ਲੱਖ ਤੋਂ ਵੱਧ ਉਪਭੋਗਤਾ ਸਨ, ਤਾਂ ਵੀ ਇਸਨੂੰ ਬੰਦ ਕਰ ਦਿੱਤਾ ਗਿਆ ਸੀ। ਡਾ. ਸੈਣੀ ਨੇ ਕਿਹਾ ਕਿ ਅੱਜ ਦੇ ਸਮੇਂ ਵਿਚ ਸੋਸ਼ਲ ਮੀਡੀਆ ਹਰ ਕਿਸੇ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ।ਜ਼ੇਕਰ ਸਹੀ ਢੰਗ ਨਾਲ ਪੜ੍ਹਨ, ਜਾਣਕਾਰੀ ਇਕੱਠੀ ਕਰਨ, ਪਤਾ ਲੱਭਣ ਅਤੇ ਹੋਰ ਬਹੁਤ ਸਾਰੇ ਕੰਮਾਂ ਵਿੱਚ ਮਦਦ ਕਰਦਾ ਹੈ ਪਰ ਇਸਦੀ ਵਰਤੋਂ ਸਾਵਧਾਨੀ ਨਾਲ ਹੀ ਕਰਨੀ ਚਾਹੀਦੀ ਹੈ। ਡਾ.ਐਸ.ਸੀ.ਸ਼ਰਮਾ, ਕੋ-ਐਂਡ ਕਾਲਜ ਡਾਇਰੈਕਟਰ ਡਾ.ਵੀਨਾ ਦਾਦਾ ਨੇ ਡਾ.ਸੈਣੀ ਨੂੰ ਸਨਮਾਨਿਤ ਕੀਤਾ ਅਤੇ ਧੰਨਵਾਦ ਕੀਤਾ। ਕਾਲਜ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ ਨੇ ਨੌਜਵਾਨਾਂ ਨੂੰ ਸੋਸ਼ਲ ਮੀਡੀਆ ਦੀ ਸਹੀ ਵਰਤੋਂ ਕਰਨ ਦੀ ਸਲਾਹ ਦਿੱਤੀ।

ਡਿਪਟੀ ਕਮਿਸ਼ਨਰ ਵੱਲੋਂ ਨਗਰ ਨਿਗਮ/ਕੌਂਸਲਾਂ ਨੂੰ ਸੋਰਸ ਪੱਧਰ 'ਤੇ ਕੂੜੇ ਦੀ ਸੌ ਫੀਸਦੀ ਵੰਡ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ

ਜਲੰਧਰ-(ਸ਼ੈਲੀ ਐਲਬਰਟ)ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਨਗਰ ਨਿਗਮ ਅਤੇ ਨਗਰ ਕੌਂਸਲਾਂ ਦੇ ਅਧਿਕਾਰੀਆਂ ਨੂੰ ਸੋਰਸ ਪੱਧਰ ਤੇ ਠੋਸ ਕੂੜੇ ਦੀ ਸੌ ਫੀਸਦੀ ਵੰਡ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ ਤਾਂ ਜੋ ਜ਼ਿਲ੍ਹੇ ਵਿੱਚ ਠੋਸ ਰਹਿੰਦ-ਖੂਹੰਦ ਦੀ ਢੁੱਕਵੀਂ ਗੀਸਾਈਕਲਿੰਗ ਨੂੰ ਯਕੀਨੀ ਬਣਾਇਆ ਜਾ ਸਕੇ।ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਵਾਤਾਵਰਣ ਯੋਜਨਾ ਦੀ ਪ੍ਰਗਤੀ ਬਾਰੇ ਵਿਚਾਰਾਂ ਕਰਨ ਲਈ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਠੋਸ ਰਹਿੰਦ-ਖੂਹੰਦ ਪ੍ਰਬੰਧਨ ਉਦੋਂ ਤੱਕ ਸੰਭਵ ਨਹੀਂ ਹੋ ਸਕਦਾ, ਜਦੋਂ ਤੱਕ ਰਹਿੰਦ-ਖੂਹੰਦ ਨੂੰ ਸਰੋਤ ਪੱਧਰ ਤੇ ਵੱਖ ਨਹੀਂ ਕੀਤਾ ਜਾਂਦਾ । ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਸਮੁੱਚੀ ਠੋਸ ਰਹਿੰਦ-ਖੂਹੰਦ ਨੂੰ ਘਰੇਲੂ ਪੱਧਰ ਤੇ ਵੱਖ-ਵੱਖ ਕੀਤਾ ਜਾਵੇ ਤਾਂ ਜੋ ਇਸ ਦਾ ਨਿਪਟਾਰਾ/ਗੀਸਾਈਕਲਿੰਗ ਸੁਚਾਰੂ ਢੰਗ ਨਾਲ ਕੀਤੀ ਜਾ ਸਕੇ। ਇਸੇ ਤਰ੍ਹਾਂ ਉਨ੍ਹਾਂ ਅਧਿਕਾਰੀਆਂ ਨੂੰ ਜ਼ਿਲ੍ਹੇ ਵਿੱਚ ਕੰਪੋਸਟ ਪਿਟਸ ਦੀ ਕਾਰਜਪ੍ਰਣਾਲੀ ਦਾ ਵਿਅਕਤੀਗਤ ਤੌਰ ਤੇ ਨਿਰੀਖਣ ਕਰਨ ਦੇ ਨਿਰਦੇਸ਼ ਦਿੱਤੇ ਕਿਉਂਕਿ ਇਹ ਪਿਟਸ ਠੋਸ ਰਹਿੰਦ-ਖੂਹੰਦ ਦੇ ਨਿਪਟਾਰੇ ਨੂੰ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ । ਸਾਰੰਗਲ ਨੇ ਜਲੰਧਰ ਵਿੱਚ ਚਲਾਈਆਂ ਜਾ ਰਹੀਆਂ ਵੱਖ-ਵੱਖ ਵਾਤਾਵਰਣ ਪੱਖੀ ਸਕੀਮਾਂ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਸਾਰੇ ਚੱਲ ਰਹੇ ਪ੍ਰਾਜੈਕਟਾਂ ਨੂੰ ਨਿਰਧਾਰਤ ਸਮੇਂ ਵਿੱਚ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਆਪਣੀ ਵਾਤਾਵਰਣ ਯੋਜਨਾ ਨੂੰ ਅੱਪਡੇਟ ਕਰਨ ਅਤੇ ਅੰਤਿਮ ਯੋਜਨਾ ਪ੍ਰਸ਼ਾਸਨ ਪਾਸ ਜਮ੍ਹਾ ਕਰਵਾਉਣ ਦੀ ਹਦਾਇਤ ਕੀਤੀ ਤਾਂ ਜੋ ਇਹ ਯੋਜਨਾ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੂੰ ਭੇਜੀ ਜਾ ਸਕੇ । ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਅਤੇ ਸੂਬਾ ਸਰਕਾਰ ਵੱਲੋਂ ਜਾਰੀ ਸਾਰੇ ਨਿਰਦੇਸ਼ਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ। ਉਨ੍ਹਾਂ ਪ੍ਰਦੂਸ਼ਣ ਦੀ ਰੋਕਥਾਮ ਲਈ ਚੱਲ ਰਹੇ ਪ੍ਰਾਜੈਕਟਾਂ ਦਾ ਜਾਇਜ਼ਾ ਲੈਂਦਿਆਂ ਸਪੱਸ਼ਟ ਕਿਹਾ ਕਿ ਇਨ੍ਹਾਂ ਪ੍ਰਾਜੈਕਟਾਂ ਨੂੰ ਨੇਪਰੇ ਚਾੜ੍ਹਨ ਵਿੱਚ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਦੇਰੀ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ । ਡਿਪਟੀ ਕਮਿਸ਼ਨਰ ਵੱਲੋਂ ਠੋਸ ਰਹਿੰਦ-ਖੂਹੰਦ ਪ੍ਰਬੰਧਨ ਪ੍ਰਾਜੈਕਟਾਂ, ਠੋਸ ਰਹਿੰਦ-ਖੂਹੰਦ ਦੀ ਬਾਇਓਮਾਈਨਿੰਗ, ਪਲਾਸਟਿਕ ਵੇਸਟ ਪ੍ਰਬੰਧਨ, ਈ-ਵੇਸਟ ਪ੍ਰਬੰਧਨ, ਕੰਪੋਸਟ ਪਿਟਸ ਦਾ ਨਿਰਮਾਣ, ਰੇਨ ਵਾਟਰ ਹਾਰਵੈਸਟਿੰਗ ਸਿਸਟਮ, ਇੰਡਸਟ੍ਰੀਅਲ ਵੇਸਟ ਮੈਨੇਜਮੈਂਟ, ਕੰਸਟਰਕਸ਼ਨ ਵੇਸਟ ਮੈਨੇਜਮੈਂਟ, ਸੀਵਰੇਜ ਟ੍ਰੀਟਮੈਂਟ ਪਲਾਂਟ, ਬੂਟੇ ਲਾਉਣ ਸਮੇਤ ਹਵਾ ਤੇ ਪਾਣੀ ਦੇ ਪ੍ਰਦੂਸ਼ਣ ਸਬੰਧੀ ਸਥਿਤੀ ਨੂੰ ਸੁਧਾਰਨ ਲਈ ਤਿਆਰ ਕੀਤੇ ਪ੍ਰਾਜੈਕਟਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਨੇ ਪਾਣੀ ਨੂੰ ਸੋਧਣ ਅਤੇ ਸ਼ੋਰ ਪ੍ਰਦੂਸ਼ਣ ਨਾਲ ਸਬੰਧਤ ਮੁੱਦਿਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਅਤੇ ਸਾਰੀਆਂ ਨਗਰ ਕੌਂਸਲਾਂ ਅਤੇ ਨਗਰ ਨਿਗਮ ਜਲੰਧਰ ਨੂੰ ਡੋਰ ਟੂ ਡੋਰ ਕੁਲੈਕਸ਼ਨ ਅਤੇ ਸੋਰਸ ਸੈਗਰੀਗੇਸ਼ਨ ਰਾਹੀਂ ਠੋਸ ਰਹਿੰਦ-ਖੂਹੰਦ ਦੇ ਨਿਪਟਾਰੇ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰ ਵਰਿੰਦਰਪਾਲ ਸਿੰਘ ਬਾਜਵਾ ਤੇ ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ, ਐਸ.ਡੀ.ਐਮਜ਼ ਵਿਕਾਸ ਹੀਰਾ, ਬਲਬੀਰ ਰਾਜ ਸਿੰਘ, ਗਿਸ਼ਭ ਬਾਂਸਲ ਤੇ ਅਮਨ ਪਾਲ ਸਿੰਘ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਕਾਰਜਕਾਰੀ ਇੰਜਨੀਅਰ ਸੰਦੀਪ ਕੁਮਾਰ, ਭੂਮੀ ਤੇ ਜਲ ਸੰਭਾਲ ਅਫ਼ਸਰ ਲੁਪਿੰਦਰ ਕੁਮਾਰ ਅਤੇ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵੰਤ ਰਾਏ ਆਦਿ ਵੀ ਮੌਜੂਦ ਸਨ ॥-

ਮਹਿੰਗਾਈ ਨੇ ਲੋਕਾਂ ਦੇ ਘਰਾਂ ਦਾ ਬਜਟ ਵਿਗਾੜਿਆ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਨਵਾਂਸ਼ਹਿਰ ਸਬਜੀ ਮੰਡੀ 'ਚ ਟਮਾਟਰ ਦੀਆਂ ਕੀਮਤਾਂ 'ਚ ਅਚਾਨਕ ਵਾਧਾ ਹੋਇਆ ਹੈ। ਇਸ ਕਾਰਨ ਆਮ ਆਦਮੀ ਲਈ ਘਰ ਵਿੱਚ ਸਬਜੀ ਬਣਾਉਣ ਲਈ ਵਰਤੇ ਜਾਂਦੇ ਟਮਾਟਰਾਂ ਨੂੰ ਖਰੀਦਣਾ ਕਾਫੀ ਮਹਿੰਗਾ ਹੋ ਗਿਆ ਹੈ। ਨਵਾਂਸ਼ਹਿਰ ਵਿੱਚ ਟਮਾਟਰਾਂ 60, 70 ਕਿੱਲੋ ਤੱਕ ਪਹੁੰਚ ਗਈ ਹੈ, ਜਿਸ ਕਾਰਨ ਲੋਕਾਂ ਦੇ ਘਰਾਂ ਦਾ ਬਜਟ ਵਿਗੜ ਗਿਆ ਹੈ। ਸਾਰੇ ਸ਼ਹਿਰਾਂ 'ਚ ਟਮਾਟਰ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਨਵਾਂਸ਼ਹਿਰ 'ਚ ਟਮਾਟਰ 60 ਤੋਂ 70 ਰੁਪਏ ਕਿੱਲੋ ਤੱਕ ਵਿਕ ਰਹੇ ਹਨ। ਨਵਾਂਸ਼ਹਿਰ ਸਬਜੀ ਮੰਡੀ 'ਚ ਸ਼ਿਮਲਾ ਮਿਰਚ ਤੋਂ ਲੈ ਕੇ ਬੈਂਗਣ ਅਤੇ ਭਿੰਡੀ ਤੱਕ ਦੀ ਕੀਮਤ ਵੱਧ ਗਈ ਹੈ। ਦੁਕਾਨਦਾਰ ਵੀ ਕੀਮਤਾਂ ਨੂੰ ਲੈ ਕੇ ਚਿੰਤਤ ਹਨ ਅਤੇ ਖਰੀਦਦਾਰ ਵੀ। ਮਹਿੰਗਾਈ ਨੇ ਰਸੋਈ ਦਾ ਬਜਟ ਵਿਗਾੜ ਕੇ ਰੱਖ ਦਿੱਤਾ ਹੈ। ਸਬਜੀਆਂ ਦੇ ਭਾਅ ਦੋ ਤੋਂ ਢਾਈ ਗੁਣਾ ਵਧ ਗਏ ਹਨ।

ਪ੍ਰੈਕਟੀਸ਼ਨਰ ਐਸੋਸੀਏਸ਼ਨ ਜਨਰਲ ਸਕੱਤਰ ਡਾਕਟਰ ਅਵਤਾਰ ਬਾਲੀ ਦਾ ਕਹਿਣਾ ਹੈ ਕਿ ਸਬਜੀਆਂ ਮਹਿੰਗੀਆਂ ਹੋਣ ਕਾਰਨ ਉਹ ਪਹਿਲਾਂ ਨਾਲੋਂ ਘੱਟ ਸਬਜੀਆਂ ਖਰੀਦ ਰਹੇ ਹਨ। ਜਿੱਥੇ ਪਹਿਲਾਂ ਅਸੀਂ 100 ਰੁਪਏ 'ਚ ਸਬਜੀ ਖਰੀਦਦੇ ਸੀ, ਹੁਣ ਅਸੀਂ 250 ਰੁਪਏ ਵਿੱਚ ਸਬਜੀ ਖਰੀਦਦੇ ਹਾਂ। ਬੋਕਸ ਲਈ ਰਾਮ ਲੁਭਾਇਆ ਦਾ ਕਹਿਣਾ ਹੈ ਕਿ ਫਿਲਹਾਲ ਸਬਜੀਆਂ ਦੇ ਭਾਅ ਨੂੰ ਲੈ ਕੇ ਗਾਹਕਾਂ ਨੂੰ ਕੋਈ ਰਾਹਤ ਨਹੀਂ ਮਿਲ ਰਹੀ, ਸਬਜੀਆਂ ਮਹਿੰਗੀਆਂ ਹੋਣ ਕਾਰਨ ਉਨ੍ਹਾਂ ਦੀ ਰਸੋਈ ਦਾ ਬਜਟ ਪੂਰੀ ਤਰ੍ਹਾਂ ਵਿਗੜ ਗਿਆ ਹੈ। ਇਸ ਲਈ ਸਰਕਾਰ ਅਤੇ ਪ੍ਰਸ਼ਾਸਨ ਨੂੰ ਮਹਿੰਗਾਈ ਨੂੰ ਕਾਬੂ ਕਰਨ ਲਈ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ।

ਇੰਜ: ਮਹਿੰਦਰ ਸਿੰਘ ਵੱਲੋਂ ਸਰੀਰ ਦਾਨ ਕਰਨ ਦਾ ਪ੍ਰਣ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਜਿਊਂਦੇ

1-JULY-PAGE-10.qxd 6/30/2023 10:12 PM Page 1

ਪਾਈਪ ਲਾਈਨ ਦਾ ਪੂਰਾ ਮੁਆਵਜ਼ਾ ਨਾ ਦਿੱਤਾ ਤਾਂ ਲੇਲੇਵਾਲਾ 'ਚ ਲਾਵਾਂਗੇ ਪੱਕਾ ਮੋਰਚਾ : ਕਿਸਾਨ ਆਗੂ

ਤਲਵੰਡੀ ਸਾਬੋ (ਜਗਦੀਪ ਗਿੱਲ)

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਤੇ ਬਲਾਕ ਮੌੜ ਦੀ ਮੀਟਿੰਗ ਜ਼ਿਲ੍ਹਾ ਜਨਰਲ ਸਕੱਤਰ ਹਰਜਿੰਦਰ ਸਿੰਘ ਬੱਗੀ ਦੀ ਅਗਵਾਈ ਹੇਠ ਗੁਰਦੁਆਰਾ ਮਸਤੂਆਣਾ ਸਾਹਿਬ ਤਲਵੰਡੀ ਸਾਬੋ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹਰਜਿੰਦਰ ਸਿੰਘ ਤੇ ਜ਼ਿਲ੍ਹਾ ਕਮੇਟੀ ਮੈਂਬਰ ਜਗਦੇਵ ਸਿੰਘ ਜੋਗੇਵਾਲਾ ਨੇ ਕਿਹਾ ਕਿ ਜੀ ਆਈ ਜੀ ਐੱਲ ਕੰਪਨੀ ਵੱਲੋਂ ਕਿਸਾਨਾਂ ਦੇ ਖੇਤਾਂ ਵਿੱਚ ਗੈਸ ਪਾਈਪ ਲਾਈਨ ਬਿਨਾਂ ਮੁਆਵਜ਼ਾ ਜਾਂ ਨਿਗੂਣਾ ਮੁਆਵਜ਼ਾ ਦੇ ਕੇ ਧੱਕੇ ਨਾ ਪਾਈ ਜਾ ਰਹੀ ਸੀ। ਪਿਛਲੇ ਦਿਨੀਂ 15 ਮਈ 2023 ਨੂੰ ਬਹਿਮਣ ਕੌਰ ਸਿੰਘ ਵਿਖੇ ਗੈਸ ਪਾਈਪ ਲਾਈਨ ਪਾਉਣ ਆਏ ਅਧਿਕਾਰੀਆਂ ਦਾ ਜਦੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਵਿੱਚ ਵਿਰੋਧ ਕੀਤਾ ਤਾਂ ਪੁਲਸ ਨੇ ਕਿਸਾਨਾਂ ਨਾਲ ਧੱਕਾ-ਮੁੱਕੀ ਕੀਤੀ ਅਤੇ ਕਿਸਾਨ ਆਗੂਆਂ ਸਮੇਤ ਕਈ ਕਿਸਾਨਾਂ ਦੀ ਗ੍ਰਿਫ਼ਤਾਰੀ ਵੀ ਹੋਈ ਸੀ। ਕਿਸਾਨਾਂ ਤੇ ਪ੍ਰਸ਼ਾਸਨ ਵਿਚਕਾਰ ਟਕਰਾਅ ਤੋਂ ਬਾਅਦ ਡੀ ਸੀ ਬਠਿੰਡਾ ਵੱਲੋਂ ਤਲਵੰਡੀ ਸਾਬੋ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨਾਲ ਮੀਟਿੰਗ ਹੋਈ ਸੀ, ਮੀਟਿੰਗ ਦੌਰਾਨ ਸਹਿਮਤੀ ਬਣੀ ਸੀ ਕਿ ਪਾਈਪ ਲਾਈਨ ਦਾ ਮੁਆਵਜ਼ਾ 24 ਲੱਖ ਰੁਪਏ ਪ੍ਰਤੀ ਏਕੜ ਦਿੱਤਾ ਜਾਵੇਗਾ ਤੇ ਜਿਨ੍ਹਾਂ ਕਿਸਾਨਾਂ ਦੇ ਖੇਤਾਂ ਵਿੱਚ ਕੰਮ ਰੁਕਿਆ ਹੈ, ਅੱਜ ਤੱਕ ਫਸਲ ਦਾ ਸਾਰਾ ਮੁਆਵਜ਼ਾ ਦਿੱਤਾ ਜਾਵੇਗਾ। ਜਿਨ੍ਹਾਂ ਖੇਤਾਂ ਵਿੱਚ ਪਹਿਲਾਂ ਪਹਿਲ ਕੰਮ ਹੋ ਚੁੱਕਾ ਹੈ ਤੇ ਉਨ੍ਹਾਂ ਨੂੰ ਦੋ-ਤਿੰਨ ਲੱਖ ਰੁਪਏ ਪ੍ਰਤੀ ਏਕੜ ਤੱਕ ਹੀ ਮੁਆਵਜ਼ਾ ਦਿੱਤਾ ਹੈ, ਉਨ੍ਹਾਂ ਸਾਰੇ ਕਿਸਾਨਾਂ ਨੂੰ 24 ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇਗਾ। ਇਹ ਸਮਝੌਤਾ ਲਿਖਤੀ ਤੌਰ 'ਤੇ ਕੀਤਾ ਗਿਆ ਸੀ, ਜਿਸ ਵਿੱਚ ਕਿਸਾਨ ਆਗੂਆਂ ਤੋਂ ਇਲਾਵਾ ਡਿਪਟੀ ਕਮਿਸ਼ਨਰ ਬਠਿੰਡਾ, ਐੱਸ ਐੱਸ ਪੀ ਬਠਿੰਡਾ, ਐੱਸ ਡੀ ਐੱਮ ਤਲਵੰਡੀ ਸਾਬੋ ਤੇ ਕੰਪਨੀ ਦੇ ਅਧਿਕਾਰੀ ਸ਼ਾਮਲ ਸਨ, ਪਰ ਪ੍ਰਸ਼ਾਸਨ ਵੱਲੋਂ ਅਜੇ ਤੱਕ ਸਾਰੇ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਦਿੱਤਾ ਗਿਆ। ਸਿੱਟੇ ਵਜੋਂ ਕਿਸਾਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਅੱਜ ਵੱਡੀ ਗਿਣਤੀ 'ਚ ਬਲਾਕ ਤਲਵੰਡੀ ਸਾਬੋ ਤੇ ਮੌੜ ਦੇ ਉਹ ਕਿਸਾਨ ਮੀਟਿੰਗ ਦੌਰਾਨ ਸ਼ਾਮਲ ਹੋਏ, ਜਿਨ੍ਹਾਂ ਦੇ ਪਹਿਲਾਂ ਪਾਈਪ ਲਾਈਨ ਪੈ ਚੁੱਕੀ ਹੈ ਤੇ ਮੁਆਵਜ਼ਾ ਅਜੇ ਤੱਕ ਨਹੀਂ ਦਿੱਤਾ ਗਿਆ। ਅੱਜ ਦੀ ਮੀਟਿੰਗ ਦੌਰਾਨ ਪਾਈਪ ਲਾਈਨ ਤੋਂ ਪ੍ਰਭਾਵਿਤ ਪੀੜਤ ਕਿਸਾਨ ਵੱਡੀ ਗਿਣਤੀ 'ਚ ਪਹੁੰਚੇ ਤੇ ਆਪਣੀਆਂ ਮੁਸ਼ਕਲਾਂ ਜਥੇਬੰਦੀ ਦੇ ਆਗੂਆਂ ਨਾਲ ਸਾਂਝੀਆਂ ਕੀਤੀਆਂ। ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਨੇ ਦੱਸਿਆ ਕਿ ਸਰਕਾਰ ਕਿਸਾਨਾਂ ਨੂੰ ਸਹੀ ਬਣਦਾ ਮੁਆਵਜ਼ਾ ਨਹੀਂ ਦੇ ਰਹੀ ਹੈ, ਇਸ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿਵਾਉਣ ਲਈ 1 ਜੁਲਾਈ ਤੋਂ ਪਿੰਡ ਲੇਲੇਵਾਲਾ ਵਿਖੇ ਪੱਕਾ ਮੋਰਚਾ ਲਗਾਇਆ ਜਾ ਰਿਹਾ ਹੈ ਤੇ ਜਿੰਨਾ ਸਮਾਂ ਕਿਸਾਨਾਂ ਨੂੰ ਬਣਦਾ ਹੱਕ ਨਹੀਂ ਦਿੱਤਾ ਜਾਂਦਾ ਸੰਘਰਸ਼ ਜਾਰੀ ਰਹੇਗਾ। ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਕਿਸਾਨਾਂ ਦਾ ਦਮ ਪਰਖ ਰਹੀ ਹੈ। ਇਸ ਸਮੇਂ ਜ਼ਿਲ੍ਹਾ ਆਗੂ ਜਸਵੀਰ ਸਿੰਘ ਸੇਮਾ, ਬਲਾਕ ਤਲਵੰਡੀ ਸਾਬੋ ਦੇ ਆਗੂ ਕੁਲਵਿੰਦਰ ਸਿੰਘ ਗਿਆਨਾ, ਕਾਲਾ ਸਿੰਘ ਚੱਠੇ ਵਾਲਾ, ਰਣਜੋਧ ਸਿੰਘ ਮਾਹੀ ਨੰਗਲ ਤੇ ਬਲਾਕ ਮੌੜ ਦੇ ਆਗੂ ਕਲਕੱਤਾ ਸਿੰਘ, ਗੁਰਜੀਤ ਸਿੰਘ ਬੰਗੇਹਰ ਹਾਜ਼ਰ ਸਨ।

ਪੁਲਸ ਦੀ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ 31.99 ਲੱਖ ਠੱਗੇ, 3 ਨਾਮਜ਼ਦ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਦੀ ਪੁਲਸ ਵੱਲੋਂ ਪੰਜਾਬ ਪੁਲਸ ਵਿੱਚ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ 31 ਲੱਖ 99 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ 3 ਵਿਅਕਤੀਆਂ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਮੁਖਤਿਆਰ ਚੰਦ ਪੁੱਤਰ ਗੁਰਦਾਸ ਰਾਮ ਵਾਸੀ ਮੋਹਨ ਕੇ (ਗੋਲੂਕਾ) ਗੁਰੂ ਹਰਸਹਾਏ ਨੇ ਦਰਖਾਸਤ ਨੰਬਰ 312-ਐੱਸ ਪੀ ਐਲ-ਪੀਸੀ ਮਿਤੀ 03-03-2022, 200-ਸੀਪੀਐਫ-ਐਸਪੀਐਲ ਮਿਤੀ 11-04-2022 ਨੂੰ ਪੁਲਸ ਦੇ ਉਚ ਅਫਸਰ ਸਾਹਿਬਾਨ ਕੋਲ ਦਿੱਤੀਆਂ ਗਈਆਂ, ਜਿਸ ਵਿੱਚ ਸ਼ਿਕਾਇਤਕਰਤਾ ਮੁਖਤਿਆਰ ਚੰਦ ਨੇ ਦੱਸਿਆ ਕਿ ਰਾਮ ਦੇਵ ਪੁੱਤਰ ਕ੍ਰਿਸ਼ਨ ਲਾਲ ਵਾਸੀ ਚੱਕ ਸੋਤਰੀਆ ਵਾਲਾ ਉਰਫ ਬੰਦੀਵਾਲਾ (ਥਾਣਾ ਵੈਰੋਕੇ), ਸੰਨੀ ਪੁੱਤਰ ਭਗਵਾਨ ਦਾਸ ਵਾਸੀ ਮੰਡੀ ਲਾਧੂਕਾ ਥਾਣਾ ਸਦਰ ਫਾਜ਼ਿਲਕਾ ਤੇ ਅਮਨਦੀਪ ਸਿੰਘ ਉਰਫ ਅਮਨ ਸਕੋਡਾ ਪੁੱਤਰ ਭਗਵਾਨ ਦਾਸ ਵਾਸੀ ਚੱਕ ਪੁੰਨਾਵਾਲਾ (ਥਾਣਾ ਵੈਰੋਕੇ) ਨੇ ਆਪਸ ਵਿੱਚ ਸਾਜ਼ ਬਾਜ਼ ਹੋ ਕੇ ਉਸ ਪਾਸੋਂ ਲੜਕਿਆਂ ਨੂੰ ਪੰਜਾਬ ਪੁਲਸ ਵਿੱਚ ਸਿਪਾਹੀ ਤੇ ਸਬ ਇੰਸਪੈਕਟਰ ਦੀ ਨੌਕਰੀ ਦਿਵਾਉਣ ਲਈ 20 ਲੱਖ 99 ਹਜ਼ਾਰ ਰੁਪਏ ਬੈਂਕ ਖਾਤਿਆਂ ਵਿੱਚ ਤੇ 11 ਲੱਖ ਰੁਪਏ ਨਕਦ (ਕੁੱਲ 31 ਲੱਖ 99 ਹਜ਼ਾਰ ਰੁਪਏ) ਲਏ ਗਏ ਅਤੇ ਜਾਲ੍ਹੀ ਜੁਆਇਨਿੰਗ ਲੈਟਰ ਦੇ ਕੇ ਧੋਖਾਧੜੀ ਤੇ ਜਾਅਲਸਾਜ਼ੀ ਕਰਕੇ ਠੱਗੀ ਮਾਰੀ ਹੈ, ਜਿਸ 'ਤੇ ਥਾਣਾ ਸਿਟੀ ਦੀ ਪੁਲਸ ਨੇ ਸ਼ਿਕਾਇਤਕਰਤਾ ਮੁਖਤਿਆਰ ਚੰਦ ਦੇ ਬਿਆਨਾਂ ਦੇ ਅਧਾਰ 'ਤੇ ਰਾਮ ਦੇਵ, ਸੰਨੀ ਤੇ ਅਮਨਦੀਪ ਸਿੰਘ ਉਰਫ ਅਮਨ ਸਕੋਡਾ ਖਿਲਾਫ ਮੁਕੱਦਮਾ ਨੰਬਰ 117 ਮਿਤੀ 28-06-2023 ਨੂੰ ਧਾਰਾ 420, 465, 467, 468, 471, 120-ਬੀ ਆਈ ਪੀ ਸੀ ਤਹਿਤ ਪਰਚਾ ਦਰਜ ਕੀਤਾ ਹੈ।

ਮਨਜੀਤ ਬਾਲੀ ਨੇ ਅਨੁਸੂਚਿਤ ਜਾਤੀਆਂ ਲਈ ਕੇਂਦਰ ਦੀਆਂ ਸਕੀਮਾਂ ਤੋਂ ਜਾਣੂ ਕਰਵਾਇਆ

ਮੋਗਾ (ਅਮਰਜੀਤ ਬੱਬਰੀ)-ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲਾ ਭਾਰਤ ਸਰਕਾਰ ਤੇ ਡਾ. ਅੰਬੇਡਕਰ ਫਾਊਂਡੇਸ਼ਨ ਦੇ ਮੈਂਬਰ ਮਨਜੀਤ ਬਾਲੀ ਦੀ ਅਗਵਾਈ ਹੇਠ ਪੀ ਡਬਲਿਊ ਡੀ ਰੈਸਟ ਹਾਊਸ ਮੋਗਾ ਵਿਖੇ ਭਾਜਪਾ ਵੱਲੋਂ ਅਨੁਸੂਚਿਤ ਜਾਤੀਆਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਸੰਬਧੀ ਜਾਣਕਾਰੀ ਦੇਣ ਲਈ ਮੀਟਿੰਗ ਕੀਤੀ ਗਈ। ਮੀਟਿੰਗ ਮੌਕੇ ਮੈਂਬਰ ਮਨਜੀਤ ਬਾਲੀ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲਾ ਭਾਰਤ ਸਰਕਾਰ ਅਤੇ ਡਾ: ਅੰਬੇਡਕਰ ਫਾਊਂਡੇਸ਼ਨ, ਭਾਰਤ ਸਰਕਾਰ ਵੱਲੋਂ ਅਨੁਸੂਚਿਤ ਜਾਤੀ ਦੇ ਲੋਕਾਂ ਲਈ ਬਣਾਈ ਗਈ ਹੈ, ਜਿਸ ਵਿੱਚ ਬਹੁਤ ਸਾਰੀਆਂ ਸਕੀਮਾਂ ਜਿਵੇਂ ਕਿ ਸਿਹਤ ਸਹਾਇਤਾ ਸਕੀਮ ਵਿੱਚ ਦਿਲ ਦੀ ਬਿਮਾਰੀ ਲਈ 1,25,000 ਹਜ਼ਾਰ ਰੁਪਏ, ਕਿਡਨੀ ਟਰਾਂਸਪਲਾਂਟ ਲਈ 3,50,000 ਰੁਪਏ, ਕਿਡਨੀ ਡਾਇਲਿਸਿਸ ਲਈ 3,50,000 ਰੁਪਏ ਦਿੱਤੇ ਜਾਂਦੇ ਹਨ। ਕੈਂਸਰ ਦੇ ਇਲਾਜ ਲਈ 1,75,000 ਰੁਪਏ ਜਿਵੇਂ ਕਿ ਕੀਮੋਥੈਰੇਪੀ ਤੇ ਰੇਡੀਓਥੈਰੇਪੀ ਲਈ, ਦਿਮਾਗ ਦੇ ਇਲਾਜ ਲਈ 1,50,000 ਰੁਪਏ ਤੇ 1,00,000 ਰੁਪਏ ਰੀੜ੍ਹ ਦੀ ਹੱਡੀ ਦੇ ਇਲਾਜ ਲਈ ਦਿੱਤੇ ਜਾਂਦੇ ਹਨ। ਇਸ ਸਬੰਧੀ ਮੈਂਬਰ ਮਨਜੀਤ ਬਾਲੀ ਨੇ ਦੱਸਿਆ ਕਿ ਇਨ੍ਹਾਂ ਸਕੀਮਾਂ ਦਾ ਲਾਭ ਲੈਣ ਲਈ ਮਰੀਜ਼ ਵੱਲੋਂ ਇਕ ਦਰਖਾਸਤ ਐੱਸ. ਸੀ. ਸਰਟੀਫਿਕੇਟ, ਆਮਦਨ ਦਾ ਸਰਟੀਫਿਕੇਟ ਤੇ ਰਿਹਾਇਸ਼ ਦਾ ਸਬੂਤ ਸਮੇਤ ਕਾਗਜ਼ੀ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਇਨ੍ਹਾਂ ਸਕੀਮਾਂ ਤੋਂ ਇਲਾਵਾ ਐੱਸ.ਸੀ. ਅੱਤਿਆਚਾਰ ਪੀੜਤ ਹੋਣੇ ਚਾਹੀਦੇ ਹਨ। ਡਾ. ਅੰਬੇਡਕਰ ਰਾਸ਼ਟਰੀ ਰਾਹਤ ਯੋਜਨਾ, ਮਹਾਨ ਗੁਰੂਆਂ ਦੇ ਜਨਮ ਦਿਨ ਸਮਾਰੋਹ, ਡਾ. ਅੰਬੇਡਕਰ ਯੋਜਨਾ, ਅੰਤਰ-ਜਾਤੀ ਵਿਆਹ, ਵਿਦਿਆਰਥੀਆਂ ਲਈ ਦਸਵੀਂ ਜਮਾਤ ਦੀ ਪ੍ਰੀਖਿਆ, ਡਾ. ਅੰਬੇਡਕਰ ਰਾਸ਼ਟਰੀ ਪੁਰਸਕਾਰ ਯੋਜਨਾ, ਦਸਵੀਂ ਤੋਂ ਬਾਰਵੀਂ ਜਮਾਤ ਤੱਕ ਡਾ. ਅੰਬੇਡਕਰ ਨੈਸ਼ਨਲ ਐਵਾਰਡ ਸਕੀਮ, ਜਮਾਤ ਵਿੱਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਡਾ. ਅੰਬੇਡਕਰ ਫਾਊਂਡੇਸ਼ਨ ਨੈਸ਼ਨਲ ਲੇਖ ਪ੍ਰਸਤਾਵ ਪ੍ਰਤੀਯੋਗਿਤਾ ਐਵਾਰਡ ਸਕੀਮ ਆਦਿ ਦਾ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ। ਅੰਤ ਵਿੱਚ ਮਨਜੀਤ ਬਾਲੀ ਨੇ ਆਦਿ ਧਰਮ ਸਮਾਜ ਮੋਗਾ ਦੇ ਪ੍ਰਧਾਨ ਅਰਜੁਨ ਕੁਮਾਰ ਵੱਲੋਂ ਰੱਖੀ ਇਸ ਮੀਟਿੰਗ ਵਿੱਚ ਹਾਜ਼ਰ ਸਮੂਹ ਕਲੱਬਾਂ, ਸੰਸਥਾਵਾਂ, ਐੱਨ.ਜੀ.ਓਜ਼ ਦੇ ਪ੍ਰਧਾਨ/ਮੈਂਬਰਾਂ ਦਾ ਧੰਨਵਾਦ ਕੀਤਾ। ਮੀਟਿੰਗ ਵਿੱਚ ਮਨਜੀਤ ਸਿੰਘ ਬੁੱਟਰ ਮੈਂਬਰ ਭਾਜਪਾ ਐੱਸ ਸੀ ਮੋਰਚਾ ਪੰਜਾਬ, ਕੇਵਲ ਸਿੰਘ ਸਾਬਕਾ ਐੱਮ ਪੀ ਤੇ ਮੈਂਬਰ ਭਾਜਪਾ ਪੰਜਾਬ, ਮਾਗਤ ਰਾਮ ਇੰਦੌਰਾ ਪ੍ਰਧਾਨ ਸਤਿ ਗੁਰੂ ਭਗਤ ਕਬੀਰ ਵੈੱਲਫੇਅਰ ਸੁਸਾਇਟੀ ਮੋਗਾ, ਖੇਮ ਚੰਦ ਗੜ੍ਹੀਵਾਲ ਪੰਜਾਬ ਪ੍ਰਧਾਨ ਰੈਗਰ ਸਮਾਜ ਮਹਾਂਸਭਾ ਤੋਂ ਇਲਾਵਾ ਹੋਰ ਮੈਂਬਰ ਹਾਜ਼ਰ ਸਨ।

ਡਾ. ਅੰਬੇਡਕਰ ਫਾਊਂਡੇਸ਼ਨ ਦੇ ਮੈਂਬਰ ਮਨਜੀਤ ਬਾਲੀ ਮੋਗਾ ਦੇ ਆਗੂਆਂ ਨਾਲ।

ਕਾਤਰਾਂ

ਜੂਆ ਖੇਡਦੇ 4 ਵਿਅਕਤੀ ਨਗਦੀ ਸਣੇ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਜੂਆ ਖੇਡਣ ਦੇ ਦੋਸ਼ ਵਿੱਚ 4 ਵਿਅਕਤੀਆਂ ਨੂੰ 1020 ਰੁਪਏ ਦੀ ਰਾਸ਼ੀ ਸਣੇ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਐੱਚ ਸੀ ਸਤਪਾਲ ਸਿੰਘ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਦੇ ਹੋਏ ਥਾਣਾ ਸਿਟੀ ਏਰੀਏ ਵਿੱਚ ਮੌਜੂਦ ਸੀ ਤਾਂ ਮੁਖਬਰ ਨੇ ਪੁਲਸ ਨੂੰ ਇਤਲਾਹ ਦਿੱਤੀ ਕਿ ਇਕਬਾਲ ਸਿੰਘ ਵਗੈਰਾ ਜੂਆ ਖੇਡਣ ਦੇ ਆਦੀ ਹਨ, ਜੋ ਅੱਜ ਵੀ ਦਾਣਾ ਮੰਡੀ ਜਲਾਲਾਬਾਦ ਵਿਖੇ ਜੂਆ ਖੇਡ ਰਹੇ ਹਨ, ਜੇਕਰ ਹੁਣੇ ਰੇਡ ਕੀਤਾ ਜਾਵੇ ਤਾਂ ਰੰਗੇ ਹੱਥੀਂ ਕਾਬੂ ਆ ਸਕਦੇ ਹਨ। ਉਪਰੰਤ ਪੁਲਸ ਪਾਰਟੀ ਨੇ ਦਾਣਾ ਮੰਡੀ ਵਿੱਚ ਛਾਪੇਮਾਰੀ ਕਰਕੇ ਇਕਬਾਲ ਸਿੰਘ ਪੁੱਤਰ ਸੰਤਾ ਸਿੰਘ ਵਾਸੀ ਦਸਮੇਸ਼ ਨਗਰੀ ਜਲਾਲਾਬਾਦ, ਸਤਨਾਮ ਦਾਸ ਪੁੱਤਰ ਢੋਲਾ ਸਿੰਘ ਵਾਸੀ ਬੁਲਾ ਰਾਏ ਉਤਾੜ ਗੁਰੂ ਹਰਸਹਾਏ, ਮਹੇਸ਼ ਕੁਮਾਰ ਉਰਫ ਲਾਡੀ ਚੋਪੜਾ ਪੁੱਤਰ ਸੁੰਦਰ ਲਾਲ ਤੇ ਲਵ ਕੁਮਾਰ ਉਰਫ ਲਵਲੀ ਚੋਪੜਾ ਪੁੱਤਰ ਸੁੰਦਰ ਲਾਲ ਵਾਸੀਆਨ ਦਸਮੇਸ਼ ਨਗਰੀ ਜਲਾਲਾਬਾਦ ਨੂੰ ਜੂਆ ਖੇਡ ਹੋਏ 1020 ਰੁਪਏ ਦੀ ਰਾਸ਼ੀ ਸਣੇ ਕਾਬੂ ਕੀਤਾ ਗਿਆ ਹੈ, ਪੁਲਸ ਨੇ ਇਨ੍ਹਾਂ ਵਿਅਕਤੀਆਂ ਖਿਲਾਫ ਧਾਰਾ 13/3/67 ਜੂਆ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ।

ਬੀਰ ਦਵਿੰਦਰ ਸਿੰਘ ਦੇ ਅਕਾਲ ਚਲਾਣੇ 'ਤੇ ਮਾਨ ਵੱਲੋਂ ਦੁੱਖ ਦਾ ਪ੍ਰਗਟਾਵਾ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬੀਰ ਦਵਿੰਦਰ ਸਿੰਘ ਜੋ ਸਾਡੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਕੋਟਲਾ ਭਾਈਕਾ ਦੇ ਵਾਸੀ ਸਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਇਸ ਪਿੰਡ ਤੋਂ ਸ਼ੁਰੂ ਕਰਕੇ ਫਤਹਿਗੜ੍ਹ ਸਾਹਿਬ ਦੇ ਮਾਤਾ ਗੁਜਰੀ ਕਾਲਜ ਤੋਂ ਉੱਚ ਵਿੱਦਿਆ ਪ੍ਰਾਪਤ ਕਰਨ ਉਪਰੰਤ ਸਿਆਸਤ ਵਿਚ ਸ਼ਾਮਲ ਹੋ ਕੇ ਲੰਮਾ ਸਮਾਂ ਇਲਾਕੇ ਤੇ ਪੰਜਾਬ ਦੀ ਸੇਵਾ ਕਰਦੇ ਰਹੇ ਅਤੇ ਇਸ ਦੌਰਾਨ ਉਹ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਬਣੇ। ਅੱਜ ਸਵੇਰੇ 11 ਵਜੇ ਸਵਾਸਾਂ ਦੀ ਪੂੰਜੀ ਨੂੰ ਪੂਰਨ ਕਰਦੇ ਹੋਏ ਉਹ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ। ਜਿਨ੍ਹਾਂ ਦੇ ਚਲੇ ਜਾਣ ਨਾਲ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਨਿਵਾਸੀਆਂ ਨੂੰ ਹੀ ਨਹੀਂ ਬਲਕਿ ਪੰਜਾਬ ਨਿਵਾਸੀਆਂ ਨੂੰ ਘਾਟਾ ਪਿਆ ਹੈ, ਜਿਨ੍ਹਾਂ ਦੇ ਚਲੇ ਜਾਣ ਉਪਰੰਤ ਉਨ੍ਹਾਂ ਦੇ ਪਰਵਾਰਕ ਮੈਂਬਰਾਂ, ਸੰਬੰਧੀਆਂ ਤੇ ਇਲਾਕਾ ਨਿਵਾਸੀਆਂ ਨੂੰ ਜਿਥੇ ਵੱਡਾ ਸਦਮਾ ਪਹੁੰਚਿਆ ਹੈ, ਉਥੇ ਅਸੀਂ ਵੀ ਇਸ ਦੁੱਖ ਦੀ ਘੜੀ 'ਚ ਸ਼ਮੂਲੀਅਤ ਕਰਦੇ ਹੋਏ ਵਿਛੜੀ ਆਤਮਾ ਦੀ ਸ਼ਾਂਤੀ ਲਈ ਜਿਥੇ ਅਰਦਾਸ ਕਰਦੇ ਹਾਂ, ਉਥੇ ਪਰਵਾਰ ਦੇ ਮੈਂਬਰਾਂ, ਸੰਬੰਧੀਆਂ ਤੇ ਇਲਾਕਾ ਨਿਵਾਸੀਆਂ ਨੂੰ ਭਾਣੇ 'ਚ ਵਿਚਰਨ ਦੀ ਸ਼ਕਤੀ ਦੀ ਬਖਸ਼ਿਸ਼ ਕਰਨ ਦੀ ਅਰਜੋਈ ਵੀ ਕਰਦੇ ਹਾਂ। ਇਸ ਦੁੱਖ ਦਾ ਪ੍ਰਗਟਾਵਾ ਸਿਮਰਨਜੀਤ ਸਿੰਘ ਮਾਨ ਐਮ ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਇਕਬਾਲ ਸਿੰਘ ਟਿਵਾਣਾ ਮੁੱਖ ਬੁਲਾਰਾ ਸਿਆਸੀ ਤੇ ਮੀਡੀਆ ਸਲਾਹਕਾਰ, ਮਾਸਟਰ ਕਰਨੈਲ ਸਿੰਘ ਨਾਰੀਕੇ, ਪ੍ਰੋ. ਮਹਿੰਦਰਪਾਲ ਸਿੰਘ, ਕੁਸ਼ਲਪਾਲ ਸਿੰਘ ਮਾਨ, ਕੁਲਦੀਪ ਸਿੰਘ ਭਾਗੋਵਾਲ, ਇਮਾਨ ਸਿੰਘ ਮਾਨ ਆਦਿ ਆਗੂਆਂ ਨੇ ਬੀਰ ਦਵਿੰਦਰ ਸਿੰਘ ਸਾਬਕਾ ਸਪੀਕਰ ਪੰਜਾਬ ਦੇ ਅਕਾਲ ਚਲਾਣੇ 'ਤੇ ਪਰਵਾਰ ਨਾਲ ਹਮਦਰਦੀ ਕਰਦੇ ਹੋਏ ਸਾਂਝਾ ਕੀਤਾ।

ਜੀਪ ਤੇ ਮੋਟਰਸਾਈਕਲ ਦੀ ਟੱਕਰ 'ਚ ਇਕ ਦੀ ਮੌਤ

ਦੋਦਾ (ਵਕੀਲ ਸਿੰਘ)-ਬੀਤੀ ਦੇਰ ਸ਼ਾਮ ਮੁਕਤਸਰ-ਬਠਿੰਡਾ ਹਾਈਵੇ 'ਤੇ ਸੰਘਣੀ ਅਬਾਦੀ ਵਿੱਚ ਦੋਦਾ ਵਿਖੇ ਟਮਾਟਰਾਂ ਦੀ ਭਰੀ ਪਿੱਕਅਪ ਜੀਪ ਪੀ ਬੀ 04 ਏ ਸੀ 5182, ਜੋ ਮੁਕਤਸਰ ਵਾਲੇ ਪਾਸੇ ਤੋਂ ਬਠਿੰਡਾ ਜਾ ਰਹੀ ਸੀ, ਦੀ ਪਲਟੀਨਾ ਮੋਟਰਸਾਈਕਲ ਪੀ ਬੀ 30 ਬੀ 9559 ਨਾਲ ਟੱਕਰ ਹੋ ਗਈ, ਜਿਸ ਵਿੱਚ ਮੋਟਰਸਾਈਕਲ ਚਾਲਕ ਕੇਵ

1-July-PAGE-11.qxd 6/30/2023 10:06 PM Page 1

ਖੱਬੀਆਂ ਧਿਰਾਂ ਵੱਲੋਂ ਐੱਸ ਐੱਸ ਪੀ ਦਫਤਰ ਬਟਾਲਾ ਵਿਖੇ ਰੋਸ ਪ੍ਰਦਰਸ਼ਨ

ਬਟਾਲਾ (ਤਰਲੋਕ ਬੱਗਾ)- ਐੱਸਅੱਸਪੀ ਦਫਤਰ ਬਟਾਲਾ ਵਿੱਖੇ ਖੱਬੀਆਂ ਧਿਰਾਂ ਸੀਪੀਆਈ, ਸੀ ਪੀ ਆਈ ਐਮ, ਸੀ ਪੀ ਆਈ ਐਮ ਐਲ ਲਿਬਰੇਸ਼ਨ ਅਤੇ ਆਰ ਐੱਮ ਪੀ ਆਈ ਦੇ ਵਰਕਰਾਂ ਨੇ ਇੱਕਠੇ ਹੋ ਕੇ ਰੋਸ ਪ੍ਰਦਰਸ਼ਨ ਕਰਕੇ ਨਾਹਰੇਬਾਜ਼ੀ ਕੀਤੀ ਅਤੇ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ, ਰਣਬੀਰ ਸਿੰਘ ਵਿਰਕ, ਸ਼ਮਸ਼ੇਰ ਸਿੰਘ ਨਵਾਂ ਪਿੰਡ ਅਤੇ ਜਰਨੈਲ ਸਿੰਘ ਦੀ ਅਗਵਾਈ ਵਿੱਚ ਐਸਐਸਪੀ ਨੂੰ ਮੰਗ ਪੱਤਰ ਦਿੱਤਾ ਕਿ ਬਟਾਲੇ ਵਿਚ ਅਮਨ-ਕਾਨੂੰਨ ਦੀ ਸਥਿਤੀ ਨੂੰ ਸਖਤੀ ਨਾਲ ਕੰਟਰੋਲ ਕੀਤਾ ਜਾਵੇ। ਯਾਦ ਰਹੇ ਕਰੀਬ ਇਕ ਹਫਤਾ ਪਹਿਲਾਂ ਦਿਨ ਦਿਹਾੜੇ ਬਟਾਲੇ ਦੇ ਨੀਲਮ ਟੀ ਵੀ ਸੈਂਟਰ ਵਿਚ ਵੜ ਕੇ ਦੋ ਅਣਪਛਾਤੇ ਵਿਅਕਤੀਆਂ ਨੇ ਦੁਕਾਨ ਦਾਰ ਦੇ ਤਿੰਨ ਪਰਿਵਾਰਕ ਮੈਂਬਰਾਂ ਨੂੰ ਜ਼ਖਮੀ ਕਰ ਦਿੱਤਾ ਸੀ ਜੋ ਅਜੇ ਵੀ ਜ਼ੇਰੇ ਇਲਾਜ ਹਨ, ਪੁਲਸ ਅਜੇ ਤੱਕ ਵੀ ਦੋਸ਼ੀਆਂ ਤੱਕ ਨਹੀਂ ਪਹੁੰਚ ਸਕੀ ਜਿਸ ਕਾਰਨ ਬਟਾਲਾ ਸ਼ਹਿਰ ਵਿਚ ਬੇਹੱਦ ਡਰ ਅਤੇ ਭੈ ਪਾਇਆ ਜਾ ਰਿਹਾ ਹੈ। ਖੱਬੇ ਪੱਖੀ ਆਗੂਆਂ ਐਸਐਸਪੀ ਦੇ ਧਿਆਨ ਵਿੱਚ ਲਿਆਂਦਾ ਕਿ ਬਟਾਲੇ ਵਿਚ ਗੋਲੀ ਚਲਾਉਣ ਦੀ ਘਟਨਾ ਤੋਂ ਕੁਝ ਦਿਨ ਪਹਿਲਾਂ ਸ਼ਿਵ ਸੈਨਾ ਬਾਲ ਠਾਕਰੇ ਦੇ ਇਕ ਆਗੂ ਨੇ ਮੁਸਲਮਾਨ ਵਰਗ ਦੇ ਵਿਰੁੱਧ ਇਕ ਫਿਰਕੂ ਅੱਗ ਉਗਲਦੀ ਇਕ ਵੀਡੀਓ ਜਾਰੀ ਕੀਤੀ ਸੀ, ਜਿਸ ਵਿਰੁੱਧ ਪੁਲਸ ਤੋਂ ਕਾਰਵਾਈ ਦੀ ਮੰਗ ਕੀਤੀ ਗਈ। ਆਗੂਆਂ ਕਿਹਾ ਕਿ ਭਾਰਤ ਦੀ ਸੁਪਰੀਮ ਕੋਰਟ ਨੇ ਦੇਸ਼ ਦੀ ਪੁਲਸ ਨੂੰ ਹਦਾਇਤ ਕੀਤੀ ਹੋਈ ਹੈ ਕਿ ਕੋਈ ਵੀ ਨਫਤਰੀ ਭਾਸ਼ਣ ਕਰੇ ਉਸ ਵਿਰੁੱਧ ਫੌਰੀ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਪਰ ਹੈਰਾਨੀ ਹੈ ਕਿ ਸ਼ਿਵ ਸੈਨਾ ਬਾਲ ਠਾਕਰੇ ਦੇ ਆਗੂ ਦੀ ਵਾਇਰਲ ਹੋਈ ਵੀਡੀਓ ਪੁਲਸ ਦੀ ਜਾਣਕਾਰੀ ਵਿੱਚ ਹੀ ਨਹੀਂ ਹੈ। ਆਗੂਆਂ ਕਿਹਾ ਕਿ ਮਾਨ ਸਰਕਾਰ ਦੇ ਰਾਜ ਵਿੱਚ ਅਮਨ ਕਾਨੂੰਨ ਦੀਆਂ ਧੱਜੀਆਂ ਸਾਰੇ ਪੰਜਾਬ ਵਿੱਚ ਹੀ ਉੱਡ ਰਹੀਆਂ ਹਨ ਜਿਸ ਕਾਰਨ ਸਾਰੇ ਪੰਜਾਬ ਦੀ ਜਨਤਾ ਡਰ ਅਤੇ ਭੈ ਵਿਚ ਰਹਿ ਰਹੀ ਹੈ। ਮਾਨ ਸਰਕਾਰ ਨੂੰ ਵਿਰੋਧੀ ਧਿਰਾਂ ਵਿਰੁੱਧ ਨਿੱਜੀ ਚਿੱਕੜ-ਉਛਾਲੀ ਕਰਨ ਦੀ ਬਜਾਏ ਪੰਜਾਬ ਦੇ ਅਮਨ-ਕਾਨੂੰਨ ਦੀ ਹਾਲਤ ਨੂੰ ਸੁਧਾਰਨ ਲਈ ਸੋਚਣਾ ਚਾਹੀਦਾ ਹੈ। ਇਸ ਸਮੇਂ ਮਾਸਟਰ ਰਘਬੀਰ ਸਿੰਘ ਪਕੀਵਾਂ, ਗੁਲਜ਼ਾਰ ਸਿੰਘ ਭੰਬੁਲੀ, ਮੋਹਣ ਲਾਲ, ਜਨਕ ਰਾਜ, ਛਿੰਦਾ ਛਿੱਬ, ਸੁਰਜੀਤ ਘੁਮਾਣ, ਅਮਰਜੀਤ ਰਿਖੀਆਂ, ਜਗੀਰ ਸਿੰਘ ਕਿਲਾ ਲਾਲ ਸਿੰਘ, ਦਲਬੀਰ ਭੋਲਾ, ਪਿੰਟਾ ਤਲਵੰਡੀ ਭਰਥ ਅਤੇ ਰਮਨਪ੍ਰੀਤ ਪਿੰਡੀ ਹਾਜ਼ਰ ਸਨ।

ਰੋਟਰੀ ਕਲੱਬ ਆਸਥਾ ਵੱਲੋਂ ਏ ਡੀ ਸੀ ਪੀ ਟ੍ਰੈਫਿਕ ਅਮਨਦੀਪ ਕੌਰ ਦਾ ਸਨਮਾਨ

ਅੰਮ੍ਰਿਤਸਰ (ਅਰੋੜਾ): ਰੋਟਰੀ ਕਲੱਬ ਆਸਥਾ ਵੱਲੋਂ ਦੇਸ਼ ਅਤੇ ਸਮਾਜ ਭਲਾਈ ਦੇ ਕੰਮਾਂ ਨੂੰ ਅੱਗੇ ਵਧਾਉਂਦੇ ਹੋਏ ਆਪਣੇ ਆਪਣੇ ਉੱਚੇ ਅਹੁੱਦੇ ਤੇ ਰਹਿ ਕੇ ਆਪਣੇ ਫਰਜ਼ ਅਤੇ ਆਪਣੀ ਡਿਊਟੀ ਨੂੰ ਮਿਹਨਤ ਅਤੇ ਇਮਾਨਦਾਰੀ ਨਾਲ ਨਿਭਾਉਣ ਵਾਲੇ ਅਧਿਕਾਰੀਆਂ ਨੂੰ ਸਨਮਾਨਿਤ ਕਰਨ ਲਈ ਸ਼ੁਰੂ ਕੀਤੇ ਗਏ ਅਭਿਆਨ ਦੇ ਚੱਲਦੇ ਅੰਮ੍ਰਿਤਸਰ ਦੇ ਏਡੀਸੀਪੀ ਟ੍ਰੈਫਿਕ ਮੈਡਮ ਅਮਨਦੀਪ ਕੌਰ ਨੂੰ ਸਨਮਾਨਿਤ ਕਰਨ ਲਈ ਖਾਸ ਰੂਪ ਵਿੱਚ ਸਨਮਾਨ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦੇ ਹੋਏ ਰੋਟਰੀ ਪ੍ਰਧਾਨ ਅਸ਼ਵਨੀ ਅਵਸਥੀ ਅਤੇ ਸਕੱਤਰ ਅਮਨ ਸਰਮਾ ਨੇ ਕਿਹਾ ਕਿ ਜਦੋਂ ਤੋਂ ਮੈਡਮ ਅਮਨਦੀਪ ਕੌਰ ਨੇ ਟ੍ਰੈਫਿਕ ਦਾ ਕੰਮ ਸੰਭਾਲਿਆ ਹੈ ਨਗਰ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਹੱਲ ਹੋਇਆ ਹੈ। ਇਨ੍ਹਾਂ ਨੂੰ ਸਨਮਾਨਿਤ ਕਰਨਾ ਸਾਰੀਆਂ ਸੰਸਥਾਵਾਂ ਦਾ ਕਰਤੱਵ ਬਣਦਾ ਹੈ ਇਸੇ ਦੇ ਚਲਦੇ ਅੱਜ ਰੋਟਰੀ ਦੇ ਵੱਲੋਂ ਇਨ੍ਹਾਂ ਨੂੰ ਰੋਟਰੀ ਅਵਾਰਡ ਦੇ ਕੇ ਸਨਮਾਨਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਰੋਟੇਰੀਅਨ ਪਰਮਜੀਤ ਸਿੰਘ, ਸਾਬਕਾ ਪ੍ਰਧਾਨ ਜਤਿੰਦਰ ਸਿੰਘ, ਹਰਦੇਸ਼ ਦਵੇਸਰ, ਸੀਨੀਅਰ ਰੋਟੇਰੀਅਨ ਸਰਬਜੀਤ ਸਿੰਘ, ਅੰਦੇਸ਼ ਭੱਲਾ, ਸਾਬਕਾ ਪ੍ਰਧਾਨ ਇੰਜੀਨੀਅਰ ਅਸ਼ੋਕ ਸ਼ਰਮਾ, ਚਾਰਟਰਡ ਪ੍ਰਧਾਨ ਐਚ.ਐਸ.ਜੋਗੀ ਸਹਿਤ ਰੋਟਰੀ ਕਲੱਬ ਆਸਥਾ ਦੇ ਕਈ ਮੈਂਬਰ ਮੌਜੂਦ ਸਨ।

ਐੱਸ ਡੀ ਓ ਦਫਤਰ ਫਤਿਹਗੜ੍ਹ ਚੂੜੀਆਂ ਦੇ ਅੱਗੇ ਧਰਨਾ ਤੇ ਨਾਅਰੇਬਾਜ਼ੀ

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ)-ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਮੇਜਰ ਸਿੰਘ ਭੋਲੇਕੇ ਦੀ ਅਗਵਾਈ ਹੇਠ ਗੈਰ-ਹਾਜ਼ਰ ਐਸਡੀਓ ਫਤਿਹਗੜ੍ਹ ਚੂੜੀਆਂ ਦੇ ਦਫਤਰ ਅੱਗੇ ਧਰਨਾ ਦੇ ਕੇ ਨਾਅਰੇਬਾਜ਼ੀ ਕੀਤੀ ਗਈ। ਪਿਛਲੀ ਦਿਨੀਂ ਪਿੰਡ ਮੰਜਿਆਵਾਲੀ ਤੋਂ ਕਿਸਾਨ ਲਖਵਿੰਦਰ ਸਿੰਘ ਦਾ ਖੇਤੀ ਮੋਟਰ ਦਾ ਟ੍ਰਾਂਸਫਾਰਮਰ ਅਸਮਾਨੀ ਬਿਜਲੀ ਡਿੱਗਣ ਨਾਲ ਸੜ ਗਿਆ ਸੀ, ਜੋ ਕਿ ਅੱਜ 20 ਦਿਨ ਤੋਂ ਉਪਰ ਹੋ ਚੁੱਕੇ ਹਨ। ਕਿਸਾਨ ਵੱਲੋਂ ਮਹਿਕਮੇ ਉਪਰ ਦੋਸ਼ ਲਗਾਏ ਕਿ ਜਿਸ ਵੇਲੇ ਇਹ ਟਰਾਂਸਫਰ ਲਗਾਇਆ ਸੀ ਉਸ ਵੇਲੇ ਟਰਾਂਸਫਾਰਮਰ ਨੂੰ ਜ਼ਮੀਨੀ ਅਰਥ ਨਹੀਂ ਦਿੱਤਾ ਗਿਆ, ਜਿਸ ਨਾਲ ਕਿਸਾਨ ਨੂੰ ਬਾਰ ਬਾਰ ਇਸ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਲ੍ਹਾ ਜਨਰਲ ਸਕੱਤਰ ਦਲਜੀਤ ਸਿੰਘ ਚਿਤੌੜਗੜ੍ਹ ਨੇ ਮਹਿਕਮੇ ਉੱਪਰ ਸਵਾਲ ਉਠਾਏ ਅਤੇ ਕਿਹਾ ਕਿ ਝੋਨੇ ਦੇ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਮਹਿਕਮੇ ਵੱਲੋਂ ਸਟਾਫ ਦੀ ਘਾਟ, ਪੋਲ, ਟ੍ਰਾਂਸਫਾਰਮਰ ਦਾ ਇੰਤਜ਼ਾਮ ਪਹਿਲਾਂ ਤੋਂ ਹੀ ਕੀਤਾ ਹੋਣਾ ਚਾਹੀਦਾ ਸੀ। ਜਥੇਬੰਦੀ ਵੱਲੋਂ ਸੋਮਵਾਰ ਨੂੰ ਐਸਡੀਓ ਦਫਤਰ ਵਿੱਚ ਵੱਡੀ ਪੱਧਰ ਉੱਤੇ ਡੈਪੂਟੇਸ਼ਨ ਮਿਲਿਆ ਜਾਵੇਗਾ। ਇਸ ਮੌਕੇ ਸਾਹਿਬ ਸਿੰਘ ਖੋਖਰ, ਗੁਰਮੀਤ ਸਿੰਘ ਠੱਠਾ, ਹਰਦੀਪ ਸਿੰਘ ਚਿਤੌੜਗੜ੍ਹ, ਅਰਸ ਭੋਲੇਕੇ, ਹਰਦੀਪ ਸਿੰਘ ਚਿਤੌੜਗੜ੍ਹ, ਬਲਵਿੰਦਰ ਸਿੰਘ ਮੰਜਿਆਵਾਲੀ,ਅਜੀਤ ਸਿੰਘ ਹਵੇਲੀਆਂ, ਸਰਦੂਲ ਸਿੰਘ ਸਕੱਤਰ, ਗੁਰਮੀਤ ਸਿੰਘ ਲੰਗਰਵਾਲ, ਸੁਖਬੀਰ ਸਿੰਘ ਲੰਗਰਵਾਲ ਹਾਜ਼ਰ ਸਨ।

45 ਹਜ਼ਾਰ ਐੱਮ ਐੱਲ ਨਾਜਾਇਜ਼ ਸ਼ਰਾਬ ਸਮੇਤ ਇਕ ਕਾਬੂ

ਗੁਰਦਾਸਪੁਰ, (ਜਨਕ ਮਹਾਜਨ)-ਜ਼ਿਲ੍ਹਾ ਪੁਲਸ ਮੁਖੀ ਦੀਆਂ ਹਦਾਇਤਾਂ 'ਤੇ ਨਸ਼ਿਆਂ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਪੁਲਿਸ ਵਲੋਂ ਵੱਖ-ਵੱਖ ਥਾਵਾਂ 'ਤੇ ਛਾਪਾਮਾਰੀ ਅਤੇ ਨਾਕਾਬੰਦੀ ਕਰਕੇ ਵਿਸ਼ੇਸ ਚੈਕਿੰਗ ਮੁਹਿਮ ਚਲਾਈ ਜਾ ਰਹੀ ਹੈ। ਇਸੇ ਮੁਹਿਮ ਤਹਿਤ ਕਾਰਵਾਈ ਕਰਦਿਆਂ ਥਾਣਾ ਦੀਨਾਨਗਰ ਦੇ ਏ.ਐਸ.ਆਈ. ਸੋਹਨ ਸਿੰਘ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਕਿਸੇ ਖਾਸ ਮੁੱਖਬਰ ਦੀ ਇਤਲਾਹ 'ਤੇ ਘਰੋਟਾ ਮੋੜ ਵਿਖੇ ਨਾਕਬੰਦੀ ਕੀਤੀ ਹੋਈ ਸੀ ਕਿ ਇਕ ਵਿਅਕਤੀ ਸਕੂਟਰੀ ਜੂਪਟੀਟਰ ਨੰਬਰੀ ਪੀ.ਬੀ.06.ਬੀ.ਡੀ.9763 'ਤੇ ਸਵਾਰ ਆਉਂਦਾ ਦਿਖਾਈ ਦਿੱਤਾ ਜਿਸ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਤਲਾਸ਼ੀ ਲਈ ਗਈ ਤਾਂ ਸਕੂਟਰੀ ਪਿੱਛੇ ਬੰਨ੍ਹੇ ਕੈਨ ਪਲਾਸਟਿਕ ਨੂੰ ਵਿਚੋਂ 45 ਹਜ਼ਾਰ ਐਮ.ਐਲ. ਨਜਾਇਜ਼ ਸਰਾਬ ਬਰਾਮਦ ਹੋਈ ਹੈ। ਉਕਤ ਵਿਅਕਤੀ ਦੀ ਪਹਿਚਾਣ ਹਰਦੀਪ ਕੁਮਾਰ ਰਿੰਕੂ ਪੁੱਤਰ ਕੇਵਲ ਚੰਦ ਵਾਸੀ ਡੀਡਾ ਸਾਸੀਆ ਵਜੋਂ ਹੋਈ ਹੈ। ਪੁਲਿਸ ਨੇ ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਉਸ ਖ਼ਿਲਾਫ਼ ਆਬਕਾਰੀ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਥੇ ਜ਼ਿਕਰਯੋਗ ਹੈ ਕਿ ਜ਼ਿਲ੍ਹਾ ਪੁਲਿਸ ਵਲੋਂ ਰੋਜ਼ਾਨਾ ਹੀ ਨਸ਼ੇ ਦੇ ਸੌਦਾਗਰਾਂ ਨੂੰ ਕਾਬੂ ਕਰਕੇ ਉਨ੍ਹਾਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਂਦੀ ਹੈ ਪਰ ਫ਼ਿਰ ਵੀ ਨਸ਼ਾ ਤਸਕਰਾਂ ਦੇ ਹੌਸਲੇ ਏਨੇ ਜ਼ਿਆਦਾ ਬੁਲੰਦ ਹਨ ਕਿ ਇਹ ਗੋਰਖ ਧੰਦਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਇਨ੍ਹਾਂ ਨਸ਼ਾ ਤਸਕਰਾਂ ਕਰਕੇ ਨੌਜਵਾਨਾਂ ਦਾ ਭਵਿੱਖ ਵਿਚ ਖਤਰੇ ਵਿਚ ਹੈ। ਇਸ ਲਈ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਨਸ਼ਿਆਂ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਪਿੰਡ-ਪਿੰਡ ਅਤੇ ਕਸਬਿਆਂ ਅੰਦਰ ਜਾਗਰੂਕਤਾ ਸੈਮੀਨਾਰ ਕਰਵਾਏ ਤਾਂ ਜੋ ਨੌਜਵਾਨ ਇਨ੍ਹਾਂ ਨਸ਼ਾ ਤਸਕਰਾਂ ਦੇ ਜਾਲ ਵਿਚ ਫਸਣ ਤੋਂ ਬਚ ਸਕਣ।

ਪੰਜਾਬ ਕਿਸਾਨ ਯੂਨੀਅਨ ਨੇ ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਪੰਜਾਬ ਕਿਸਾਨ ਯੂਨੀਅਨ ਦੇ ਇੱਕ ਵਫਦ ਵੱਲੋਂ ਅੱਜ ਡੇਰਾ ਬਾਬਾ ਨਾਨਕ ਐਸਡੀਐਮ ਨੂੰ ਮਿਲ ਕੇ ਮੰਗ ਕੀਤੀ ਗਈ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਜਾਰੇ ਕਿਸਾਨਾਂ ਦਾ ਲਗਾਨ ਨਾ ਲੈਣ ਦੀ ਸੂਰਤ ਵਿੱਚ ਐਸਡੀਐਮ ਦਫਤਰ ਮੁਜਾਰਿਆਂ ਦਾ ਸਰਕਾਰੀ ਖਜ਼ਾਨੇ ਵਿਚ ਲਗਾਨ ਜਮ੍ਹਾਂ ਕਰਵਾਉਣ ਦੇ ਫੌਰੀ ਹੁਕਮ ਜਾਰੀ ਕਰੇ। ਇਸ ਸਬੰਧੀ ਪ੍ਰੈਸ ਨਾਲ ਗੱਲਬਾਤ ਕਰਦਿਆਂ ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਕਰਮਜੀਤ ਸਿੰਘ ਖੰਨਾ ਚਮਾਰਾਂ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਦੱਸਿਆ ਕਿ ਮੁਜਾਰਿਆਂ ਨੇ ਸਰਕਾਰੀ ਕਨੂੰਨ ਤਹਿਤ ਐਸਜੀਪੀਸੀ ਵਲੋਂ ਅਦਾਲਤੀ ਫੈਸਲੇ ਅਨੁਸਾਰ ਲਗਾਨ ਜਮ੍ਹਾਂ ਨਾ ਕਰਨ ਕਰਕੇ ਕਰੀਬ 4 ਸਾਲ ਪਹਿਲਾਂ ਐਸਡੀਐਮ ਡੇਰਾ ਬਾਬਾ ਨਾਨਕ ਨੂੰ ਸਰਕਾਰੀ ਖਜ਼ਾਨੇ ਵਿਚ ਲਗਾਨ ਜਮ੍ਹਾ ਕਰਾਉਣ ਲਈ ਅਰਜ਼ੀਆਂ ਦਿੱਤੀਆਂ ਗਈਆਂ ਸਨ ਪਰ ਅਜੇ ਤੱਕ ਉਨ੍ਹਾਂ ਅਰਜ਼ੀਆਂ ਦਾ ਨਿਪਟਾਰਾ ਨਹੀਂ ਕੀਤਾ ਜਾ ਰਿਹਾ ਕਿਉਂਕਿ ਬੀਤੇ ਕਈ ਸਾਲਾਂ ਤੋਂ ਇਸ ਤਹਿਸੀਲ ਵਿਚ ਕੋਈ ਸਥਾਈ ਐੱਸਡੀਐੱਮ ਨਹੀਂ ਟਿਕ ਰਿਹਾ । ਇਸ ਤਹਿਸੀਲ ਨੂੰ ਪਛੜੀ ਤਹਿਸੀਲ ਜਾਣ ਕੇ ਐੱਸਡੀਐੱਮ ਸਾਹਿਬ ਕੁਝ ਹੀ ਹਫਤਿਆਂ ਵਿੱਚ ਬਦਲੀ ਕਰਵਾ ਕੇ ਚਲਦੇ ਬਣਦੇ ਹਨ। ਆਗੂਆਂ ਨੇ ਕਿਹਾ ਕਿ ਮੌਜੂਦਾ ਐਸ ਡੀ ਐਮ ਨੇ ਮਸਲੇ ਦਾ ਹੱਲ ਕਰਨ ਦਾ ਭਰੋਸਾ ਦਿੱਤਾ ਹੈ। ਇਸ ਪਿਛੋਂ ਯੂਨੀਅਨ ਦੇ ਵਫਦ ਨੇ ਐਸਐਚਓ ਡੇਰਾ ਬਾਬਾ ਨਾਨਕ ਨੂੰ ਮਿਲ ਕੇ ਮੰਗ ਕੀਤੀ ਕਿ ਘਣੀਏ ਕੇ ਬੇਟ ਦੇ ਦਲਿਤ ਮੁਜਾਰੇ ਕਿਸਾਨ ਜਗੀਰ ਸਿੰਘ ਦੀ ਜ਼ਮੀਨ ਉਪਰ ਆਮ ਆਦਮੀ ਪਾਰਟੀ ਦੇ ਕੁਝ ਆਗੂਆਂ ਦੀ ਕੀਤੀ ਜਾ ਰਹੀ ਧੱਕੇਸ਼ਾਹੀ ਨੂੰ ਰੋਕਿਆ ਜਾਵੇ। ਆਗੂਆਂ ਕਿਹਾ ਕਿ ਜੇਕਰ ਪੁਲਸ ਨੇ ਆਪ ਦੇ ਇਨ੍ਹਾਂ ਆਗੂਆਂ ਨੇ ਦਲਿਤ ਕਿਸਾਨ ਪਰਿਵਾਰ ਨੂੰ ਪ੍ਰੇਸ਼ਾਨ ਕਰਨਾ ਬੰਦ ਨਾ ਕੀਤਾ ਤਾਂ ਪੰਜਾਬ ਕਿਸਾਨ ਯੂਨੀਅਨ 3 ਜੁਲਾਈ ਨੂੰ ਡੇਰਾ ਬਾਬਾ ਨਾਨਕ ਥਾਣੇ ਮੋਹਰੇ ਅਣਮਿੱਥੇ ਸਮੇਂ ਦਾ ਧਰਨਾ ਸ਼ੁਰੂ ਕਰੇਗੀ। ਇਸ ਮੌਕੇ ਕੁਲਵੰਤ ਸਿੰਘ ਰਾਮਦੀਵਾਲੀ, ਧੀਰ ਸਿੰਘ, ਹਰਜੀਤ ਸਿੰਘ, ਪ੍ਰਗਟ ਸਿੰਘ, ਗੁਰਦੇਵ ਸਿੰਘ, ਜਸਬੀਰ ਸਿੰਘ, ਰਘਬੀਰ ਸਿੰਘ ਟੀਟੂ ਅਤੇ ਜਗੀਰ ਸਿੰਘ ਸਾਮਲ ਸਨ ।

ਸੀ ਐੱਚ ਸੀ ਤਰਸਿੱਕਾ ਵਿਖੇ ਡੇਂਗੂ/ਮਲੇਰੀਆ ਜਾਗਰੂਕਤਾ ਕੈਂਪ ਆਯੋਜਿਤ

ਟਾਂਗਰਾ (ਲਾਡੀ ਮੱਲ੍ਹੀ)-ਪੰਜਾਬ ਸਰਕਾਰ ਸਿਹਤ ਵਿਭਾਗ ਸਿਵਲ ਸਰਜਨ ਅੰਮ੍ਰਿਤਸਰ ਡਾ. ਵਿਜੇ ਕੁਮਾਰ, ਜ਼ਿਲ੍ਹਾ ਐਪੀਡੀਮੌਲੋਜਿਸਟ ਡਾ. ਹਰਜੋਤ ਕੌਰ, ਸੀਨੀਅਰ ਮੈਡੀਕਲ ਅਫਸਰ ਸੀਐਚਸੀ ਤਰਸਿੱਕਾ ਡਾ. ਮੋਨਾ ਚਤਰਥ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਿਤੀ 30/06-2023 ਨੂੰ ਸੀਐਚਸੀ ਤਰਸਿੱਕਾ ਵਿਖੇ ਡੇਂਗੂ ਮਲੇਰੀਆ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿਚ ਸੈਕਟਰ ਤਰਸਿੱਕਾ ਦੇ ਐਸਐਮਆਈ ਅਜਮੇਰ ਸਿੰਘ ਸੋਹੀ: ਕਲਵਿਦਰਜੀਤ ਸਿੰਘ ਐਸਆਈ ਸਮੂਹ ਮਲਟੀਪਰਪਜ਼ ਹੈਲਥ ਵਰਕਰ ਮੇਲ ਨੇ ਭਾਗ ਲਿਆ। ਕੈਂਪ ਦੌਰਾਨ ਅਜਮੇਰ ਸਿੰਘ ਸੋਹੀ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਨੇ ਦੱਸਿਆ ਕਿ ਆਉਣ ਵਾਲੇ ਬਰਸਾਤਾਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਆਪੋ ਆਪਣੇ ਏਰੀਏ ਵਿੱਚ ਲੋਕਾਂ ਨੂੰ ਸਾਫ ਸਫਾਈ ਰੱਖਣ ਬਾਰੇ ਜਾਗਰੂਕ ਕੀਤਾ ਜਾਵੇ ਅਤੇ ਦੱਸਿਆ ਗਿਆ ਕਿ ਆਪੋ ਆਪਣੇ ਘਰਾਂ ਅਤੇ ਆਲੇ ਦੁਆਲੇ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ, ਛੋਟੇ ਟੋਇਆਂ ਨੂੰ ਮਿੱਟੀ ਪਾ ਕੇ ਪੂਰ ਦਿੱਤਾ ਜਾਵੇ। ਛੱਪੜਾਂ ਅਤੇ ਟੋਇਆਂ ਵਿੱਚ ਸੜਿਆ ਹੋਇਆ ਤੇਲ ਪਾਇਆ ਜਾਵੇ, ਗਮਲੇ, ਕੂਲਰ, ਫਰਿੱਜਾਂ, ਵਾਧੂ ਕਬਾੜ ਆਦਿ ਵਿੱਚ ਪਾਣੀ ਜਮਾਂ ਨਾ ਹੋਣ ਦਿੱਤਾ ਜਾਵੇ। ਮਲੇਰੀਆ ਬੁਖਾਰ ਮਾਦਾ ਐਨਾਫਲੀਜ਼ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਤੇ ਇਸਦੇ ਲੱਛਣ ਜਿਵੇਂ ਕਿ ਤੇਜ਼ ਬੁਖਾਰ, ਕਾਂਬਾ, ਸਿਰ ਦਰਦ, ਬੁਖਾਰ ਤੋਂ ਬਾਅਦ ਪਸੀਨਾ ਆਉਣ ਤੇ ਤੁਰੰਤ ਨੇੜੇ ਦੇ ਸਿਹਤ ਕੇਂਦਰ ਜਾਂਸਿਹਤ ਕਰਮਚਾਰੀ ਤੋਂ ਖੂਨ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਡੇਂਗੂ ਬੁਖਾਰ ਦੇ ਲੱਛਣ ਹੱਡ ਭੰਨ ਬੁਖਾਰ, ਸਿਰ ਦਰਦ, ਅੱਖਾਂ ਦੇ ਪਿੱਛੇ ਦਰਦ, ਸਰੀਰ ਤੇ ਦਾਣੇ, ਕਮਜ਼ੋਰੀ, ਕੁਝ ਕੇਸਾਂ ਵਿੱਚ ਮਸੂੜਿਆਂ ਵਿੱਚੋ ਖੂਨ ਨਿਕਲਣਾ ਆਦਿ ਲੱਛਣ ਹੋਣ ਤੇ ਤੁਰੰਤ ਨੇੜੇ ਦੇ ਸਿਹਤ ਕੇਂਦਰ ਤੇ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਜਲਦੀ ਤੋਂ ਜਲਦੀ ਮਰੀਜ਼ ਦੇ ਬਿਲਕੁਲ ਮੁਫਤ ਟੈਸਟ ਜਿਲ੍ਹਾ ਪੱਧਰੀ ਲੈਬਾਰਟਰੀ ਤੋਂ ਕਰਵਾਏ ਜਾ

1-July-PAGE- 12 qxd.qxd 6/30/2023 10:05 PM Page 1

ਪੀਐਮ-ਕਿਸਾਨ ਸਕੀਮ ਦਾ ਲਾਭ ਲੈਣ ਲਈ ਕਿਸਾਨ ਈ-ਕੇ ਵਾਈ ਸੀ ਕਰਵਾਉਣ- ਡਾ. ਗੁਰਬਚਨ ਸਿੰਘ

ਕੁਰਾਲੀ (ਮੋਹਨ ਅੱਗਰਵਾਲ)

ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਡਾ. ਗੁਰਬਚਨ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਐਸ.ਏ.ਐਸ ਨਗਰ ਨੇ ਸਟਾਫ ਮੀਟਿੰਗ ਵਿੱਚ ਖੇਤੀਬਾੜੀ ਅਫ਼ਸਰਾਂ ਨੂੰ ਦੱਸਿਆ ਕਿ ਈ-ਕੇਵਾਈਸੀ ਪ੍ਰਕਿਰਿਆ ਨੂੰ ਆਸਾਨ ਬਣਾਉਣ ਲਈ ਭਾਰਤ ਸਰਕਾਰ ਵੱਲੋ ਪੀ ਐਮ- ਕਿਸਾਨ ਮੋਬਾਈਲ ਐਪ ਜਾਰੀ ਕੀਤੀ ਹੈ। ਇਸ ਐਪ ਰਾਹੀ ਕੋਈ ਵੀ ਵਿਭਾਗੀ ਅਫ਼ਸਰ 100 ਲਾਭਪਾਤਰੀਆਂ ਦੀ ਈ-ਕੇਵਾਈਸੀ ਕਰ ਸਕਦਾ ਹੈ ਅਤੇ ਇਹ ਕਾਰਨ ਲਈ ਕਿਸੀ ਰਜਿਸਟ੍ਰੇਸ਼ਨ ਦੀ ਲੋੜ ਨਹੀ ਹੈ। ਉਹਨਾਂ ਦੱਸਿਆ ਕਿ ਜਿਲੇ ਵਿੱਚ ਬਹੁਤ ਹੀ ਘੱਟ ਲਾਭਪਾਤਰੀਆਂ ਦੀ ਈ-ਕੇਵਾਈਸੀ ਹੋਈ ਹੈ ਅਤੇ ਭਾਰਤ ਸਰਕਾਰ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਉਨ੍ਹਾਂ ਵੱਲੋਂ ਜੁਲਾਈ 23 ਦੌਰਾਨ ਪੀ ਐਮ ਕਿਸਾਨ ਸਕੀਮ ਦੀ 14ਵੀਂ ਕਿਸ਼ਤ ਜਾਰੀ ਕੀਤੀ ਜਾਣੀ ਹੈ। ਜੇਕਰ ਉਸ ਸਮੇਂ ਤੱਕ ਜ਼ਿਲ੍ਹੇ ਦੇ ਲਾਭਪਾਤਰੀਆਂ ਦੀ ਈ-ਕੇਵਾਈਸੀ ਨਹੀ ਹੁੰਦੀ ਤਾਂ ਵੱਡੀ ਗਿਣਤੀ ਵਿੱਚ ਜ਼ਿਲ੍ਹੇ ਦੇ ਲਾਭਪਾਤਰੀ ਕਿਸਾਨ ਇਸ ਸਕੀਮ ਦਾ ਲਾਭ ਲੈਣ ਤੋਂ ਵਾਂਝੇ ਰਹਿ ਜਾਣਗੇ। ਇਸ ਲਈ ਇਹ ਈ-ਕੇਵਾਈਸੀ ਕਰਨ ਲਈ ਬਲਾਕ ਦੇ ਸਮੂਹ ਸਟਾਫ ਨੂੰ ਇਹ ਐਪ ਡਾਉਨਲੋਡ ਕਰਵਾਕੇ ਘੱਟ ਤੋਂ ਘੱਟ 100 ਕਿਸਾਨਾਂ ਦੀ ਈ-ਕੇਵਾਈਸੀ ਕਰਨ ਦਾ ਟੀਚਾ ਮਿਥਿਆ ਜਾਵੇ। ਇਹ ਟੀਚੇ ਪੂਰੇ ਕਰਨ ਲਈ ਵਿਸ਼ੇਸ ਮੁਹਿਮ ਚਲਾਕੇ ਹਰ ਪਿੰਡ ਵਿੱਚ ਕੈਂਪ ਲਗਾਏ ਜਾਣ ਅਤੇ ਲਾਭਪਾਤਰੀ ਕਿਸਾਨਾਂ ਦੀ ਈ-ਕੇਵਾਈਸੀ/ਲੈਂਡ ਸੀਡਿੰਗ ਸਬੰਧੀ ਜਾਣੂ ਕਰਵਾਇਆ ਜਾਵੇ। ਇਸ ਮਹੱਤਵਪੂਰਣ ਕੰਮ ਲਈ ਪਿੰਡ ਦੇ ਸਰਪੰਚ/ਨੰਬਰਦਾਰ/ਫਾਰਮਰ ਫਰੈਂਡ ਦੀ ਸਹਾਇਤਾ ਨਾਲ ਪਿੰਡ ਦੇ ਗੁਰਦਵਾਰੇ ਸਾਹਿਬ ਵਿੱਚ ਇਕ ਦਿਨ ਪਹਿਲਾਂ ਆਨਉਸਮੈਂਟ ਕਰਵਾਈ ਜਾਵੇ। ਇਸ ਮੀਟਿੰਗ ਵਿੱਚ ਡਾ. ਸੰਦੀਪ ਕੁਮਾਰ ਏ.ਓ, ਗੁਰਪ੍ਰੀਤ ਸਿੰਘ,ਗੁਰਦਿਆਲ ਕੁਮਾਰ ਏ.ਡੀ.ਉ,ਸ਼ੋਨੀਆ ਏ.ਈ.ਉ, ਸਿੰਘਾ ਸਿੰਗਲਾ ਡੀ.ਪੀ.ਡੀ,ਜਗਦੀਪ ਸਿੰਘ,ਪੁਨੀਤ ਗੁਪਤਾ ਬੀ.ਟੀ.ਐੱਮ ਅਤੇ ਏ.ਟੀ.ਐੱਮ ਵਗੈਰਾ ਹਾਜ਼ਰ ਸਨ।

ਸੰਸਦ ਮੈਂਬਰ ਵੱਖ-ਵੱਖ ਧਾਰਮਕ ਸਥਾਨਾਂ 'ਤੇ ਹੋਏ ਨਤਮਸਤਕ

ਜਲੰਧਰ (ਸ਼ੈਲੀ ਐਲਬਰਟ)- ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਵੱਖ-ਵੱਖ ਧਾਰਮਿਕ ਸਥਾਨਾਂ ਵਿਖੇ ਨਤਮਸਤਕ ਹੁੰਦਿਆਂ ਹਲਕੇ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਦੁਆ ਕੀਤੀ । ਸੰਸਦ ਮੈਂਬਰ ਨੇ ਹਲਕਾ ਆਦਮਪੁਰ ਦੇ ਪਿੰਡ ਨਿਜ਼ਾਮਦੀਨਪੁਰ ਵਿਖੇ ਬਾਬਾ ਮੇਹਰ ਸ਼ਾਹ ਜੀ ਦੀ ਦਰਗਾਹ, ਮੁਹੱਲਾ ਸਾਗਰਾਂ ਵਿਖੇ ਬਾਬਾ ਕੁਰਬਾਨ ਸ਼ਾਹ ਜੀ ਦੀ ਦਰਗਾਹ, ਪਿੰਡ ਕਪੂਰ ਵਿਖੇ ਪੀਰ ਬਾਬਾ ਨੌਗ਼ਜਾ ਸਰਕਾਰ ਜੀ ਦੀ ਦਰਗਾਹ, ਪਿੰਡ ਪਾਤਰਾ ਵਿਖੇ ਮੇਲਾ ਬਾਬਾ ਗਿਆਰਵੀਂ ਵਾਲੀ ਸਰਕਾਰ, ਪਿੰਡ ਮੁਜ਼ੱਫਰਪੁਰ ਵਿਖੇ ਬਾਬਾ ਦੁਰਗਾਹੀ ਸ਼ਾਹ ਜੀ ਅਤੇ ਜਲੰਧਰ ਵਿਖੇ ਮੇਲਾ ਕੋਟ ਰਾਮ ਦਾਸ ਜੀ ਵਿਖੇ ਨਤਮਸਤਕ ਹੁੰਦਿਆਂ ਜਲੰਧਰ ਹਲਕੇ ਦੇ ਲੋਕਾਂ ਦੀ ਪੂਰੀ ਨਿਮਰਤਾ, ਤਨਦੇਹੀ ਅਤੇ ਸ਼ਿੱਦਤ ਨਾਲ ਸੇਵਾ ਕਰਨ ਲਈ ਦੁਆ ਕੀਤੀ । ਧਾਰਮਿਕ ਸਥਾਨਾਂ ਵਿਖੇ ਸਮਾਗਮਾਂ ਵਿੱਚ ਸ਼ਿਰਕਤ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਧਾਰਮਿਕ ਸਥਾਨਾਂ 'ਤੇ ਨਤਮਸਤਕ ਹੋ ਕੇ ਉਨ੍ਹਾਂ ਦੇ ਮਨ ਨੂੰ ਬਹੁਤ ਸ਼ਾਂਤੀ ਮਿਲੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਮੁੱਚੀ ਮਨੁੱਖਤਾ ਨੂੰ ਸੇਧ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਦਰਬਾਰ ਭਾਈ ਪਹਿਲੂ ਸ਼ਾਹ ਦਾ ਦੋ ਰੋਜ਼ਾ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ

ਸ਼ਾਹਕੋਟ (ਗਿਆਨ ਸੈਦਪੁਰੀ) ਦਰਬਾਰ ਭਾਈ ਪਹਿਲੂ ਸ਼ਾਹ ਮੁਲੈਵਾਲ ਖਹਿਰਾ (ਸ਼ਾਹਕੋਟ) ਵਿਖੇ ਦੋ ਰੋਜਾ ਸਾਲਾਨਾ ਮੇਲਾ ਗੱਦੀਨਸ਼ੀਨ ਸਾਂਈ ਅਸ਼ਵਨੀ ਸ਼ਾਹ ਦੀ ਰਹਿਨੁਮਾਈ ਵਿੱਚ ਸੂਫੀ ਗਾਇਕੀ ਦਾ ਸ਼ਿੰਗਾਰ ਬਣ ਕੇ ਵੀਰਵਾਰ ਨੂੰ ਸ਼ਾਨੋ-ਸ਼ੌਕਤ ਸਰਦਾਰ ਅਲੀ ਦਾ ਸਨਮਾਨ ਕਰਦੇ ਹੋਏ ਸਾਈਂ ਅਸ਼ਵਨੀ ਸ਼ਾਹ, ਸਾਈਂ ਦੇਵ ਸ਼ਾਹ ਤੇ ਹੋਰ, ਕੱਵਾਲੀ ਪੇਸ਼ ਕਰਦੇ ਹੋਏ ਤਾਰਿਕ ਹੁਸੈਨ।

ਨਾਲ ਸਮਾਪਤ ਹੋਇਆ।

ਬੁੱਧਵਾਰ 28 ਜੂਨ ਨੂੰ ਨਿਸ਼ਾਨ ਸਾਹਿਬ ਤੇ ਚਾਦਰ ਚੜ੍ਹਾਉਣ ਉਪਰੰਤ ਸ਼ਾਮ ਨੂੰ ਮਹਿਫਲ-ਏ-ਕੱਵਾਲੀ ਦਾ ਅਗਾਜ਼ ਫਕੀਰ ਕਰਾਮਤ ਅਲੀ (ਮਲੇਰ ਕੋਟਲਾ) ਦੀ ਕੱਵਾਲ ਪਾਰਟੀ ਨੇ ਕੀਤਾ। ਉਪਰੰਤ ਸ਼ਾਹਕੋਟ ਦੀ ਮਸ਼ਹੂਰ ਸੂਫੀ ਗਾਇਕਾ ਸੱਯਾਦਾ ਬੇਗਮ, ਆਬਿਦ ਅਲੀ ਮੌਤਈ (ਮਲੇਰ ਕੋਟਲਾ), ਲਵਦੀਪ ਸੰਧੂ (ਅੰਮ੍ਰਿਤਸਰ), ਤੱਕੀ ਮੁਹੰਮਦ ਕੱਵਾਲ ਪਾਰਟੀ (ਮਲੇਰ ਕੋਟਲਾ) ਆਦਿ ਨੇ ਦੇਰ ਰਾਤ ਤੱਕ ਆਪਣੀ ਹਾਜਰੀ ਲਗਵਾਈ। ਇਸੇ ਤਰ੍ਹਾਂ 29 ਜੂਨ ਵੀਰਵਾਰ ਨੂੰ ਸਰਦਾਰ ਅਲੀ ਕੱਵਾਲ ਪਾਰਟੀ (ਮਲੇਰ ਕੋਟਲਾ), ਤਾਰਿਕ ਹੁਸੈਨ (ਸ਼ਾਹਕੋਟ), ਬੂਟਾ ਮੁਹੰਮਦ, ਸਲਾਮਤ ਅਲੀ(ਮਲੇਰ ਕੋਟਲਾ), ਸੰਨੀ ਮਿੱਤਲ (ਜਲੰਧਰ), ਜਸਰਾਜ (ਨਕੋਦਰ), ਜੀਵਨ ਜੋਤੀ (ਨਕੋਦਰ), ਗੁਰਮੇਲ ਭੰਗਾਣੀਆ, ਲਵਿਸ਼ ਚੌਹਾਨ (ਜਲੰਧਰ) ਆਦਿ ਨੇ ਆਪਣੀ ਗਾਇਕੀ ਦਾ ਖੂਬ ਰੰਗ ਬੰਨ੍ਹਿਆ। ਅੰਤਰਰਾਸ਼ਟਰੀ ਕੱਬਡੀ ਖਿਡਾਰੀ ਦੁੱਲਾ ਬੱਗਾ ਪਿੰਡ (ਯੂ.ਐਸ. ਏ) ਵੱਲੋ ਵਿਸ਼ੇਸ਼ ਸਹਿਯੋਗ ਕੀਤਾ ਗਿਆ। ਇਸ ਮੌਕੇ ਬਾਪੂ ਬ੍ਰਹਮ ਯੋਗੀ ਦਰਬਾਰ (ਨਕੋਦਰ) ਦੇ ਗੱਦੀਨਸ਼ੀਨ ਸਾਂਈਂ ਦੇਵ ਸ਼ਾਹ, ਪੀਰ ਤੜਾਗੀ ਸ਼ਾਹ ਦਰਬਾਰ (ਸ਼ਾਹਕੋਟ) ਦੇ ਗੱਦੀਨਸ਼ੀਨ ਸਾਂਈਂ ਚੇਤਨ ਸ਼ਾਹ, ਰੱਜਾਕ ਮੁਹੰਮਦ ਦਰਬਾਰ (ਸ਼ਾਹਕੋਟ) ਦੇ ਗੱਦੀਨਸ਼ੀਨ ਸਾਂਈਂ ਚੰਨੀ ਸ਼ਾਹ, ਸਾਂਈਂ ਗਗਨ ਸ਼ਾਹ ਕਾਦਰੀ, ਜਗਤਾਰ ਸਿੰਘ ਇਸਪੈਕਟਰ ਵਿੰਜੀਲੈਂਸ, ਜੁਗਿੰਦਰ ਸਿੰਘ ਗਿੱਲ ਡੀ. ਐਸ. ਪੀ. ਤਰਨਤਾਰਨ, ਸੁਰਜੀਤ ਸਿੰਘ ਬੀ. ਡੀ. ਪੀ. ਓ ਜਲੰਧਰ, ਜਗਤਾਰ ਸਿੰਘ ਏ. ਐਸ. ਆਈ . ਧਰਮਕੋਟ, ਬਲਬੀਰ ਸਿੰਘ ਸਰਪੰਚ ਮੁਲੈਵਾਲ ਬ੍ਰਾਹਮਣਾ, ਪਾਲਾ ਯੂ. ਏ. ਈ, ਸੁੱਖਾ ਪੰਡਿਤ, ਜੱਗਾ ਨਕੋਦਰ, ਸੰਨੀ ਖੈਹਿਰਾ, ਦੀਪੂ ਸੈਦਪੁਰੀ, ਆਦਿ ਹਾਜਰ ਸਨ। ਦੋਵੇਂ ਦਿਨ ਮੰਚ ਸੰਚਾਲਨ ਦੀ ਸੇਵਾ ਮੰਗਾ ਕੋਟਲੀ ਅਤੇ ਸਾਬਾ ਕੋਟਲੀ ਨੇ ਨਿਭਾਈ।

ਏ ਜੀ ਆਈ ਸਵਿਮਿੰਗ ਚੈਂਪੀਅਨਸ਼ਿਪ 'ਚ ਮਾਰੀਆਂ ਮੱਲ੍ਹਾਂ

ਜਲੰਧਰ (ਰਾਜੇਸ਼ ਥਾਪਾ)-ਜਲੰਧਰ ਹਾਈਟਸ 2 ਦੀ ਯਾਹਵੀ ਨੇ ਜਲੰਧਰ ਹਾਈਟਸ 1 ਅਤੇ 2 ਦੇ ਸਵਿਮਿੰਗ ਪੂਲ 'ਤੇ ਚੱਲ ਰਹੀ ਏਜੀਆਈ ਤੈਰਾਕੀ ਚੈਂਪੀਅਨਸ਼ਿਪ ਵਿੱਚ 13 ਸਾਲ ਤੋਂ ਘੱਟ 25 ਮੀਟਰ ਅਤੇ 50 ਮੀਟਰ ਦੋਨਾਂ ਦੀਆਂ ਲੜਕੀਆਂ ਦੇ ਹੀਟਸ ਵਿੱਚ ਆਪਣੇ ਵਿਰੋਧੀਆਂ ਨੂੰ ਪਛਾੜ ਦਿੱਤਾ। ਜਲੰਧਰ ਹਾਈਟਸ 1 ਦੀ ਮਿਸ ਅਰਜੋਈ ਨੇ ਵੀ 25 ਮੀਟਰ ਦੇ 10 ਸਾਲ ਤੋਂ ਘੱਟ ਲੜਕੀਆਂ ਵਿੱਚ ਆਪਣੀ ਜਿੱਤ ਦਾ ਸਿਲਸਿਲਾ ਜਾਰੀ ਰੱਖਿਆ। ਜਲੰਧਰ ਹਾਈਟਸ 2 ਦੇ ਆਰਵ ਠਾਕੁਰ ਨੇ ਲੜਕਿਆਂ ਦੇ ਅੰਡਰ 13 ਸਾਲ 25 ਮੀਟਰ ਅਤੇ 10 ਸਾਲ ਅੰਡਰ 50 ਮੀਟਰ ਵਰਗ ਵਿੱਚ ਦਬਦਬਾ ਬਣਾਇਆ। ਕਰਮਨ ਅਤੇ ਸਰਗੁਣਦੀਪ ਸਿੰਘ, ਦੋਵੇਂ ਜਲੰਧਰ ਹਾਈਟਸ 2, ਰਾਜ ਪੱਧਰੀ 13 ਸਾਲ ਤੋਂ ਘੱਟ ਉਮਰ ਦੀਆਂ ਕੁੜੀਆਂ 25 ਮੀਟਰ ਮੁਫਤ ਸਟਾਈਲ 'ਚ ਪਹਿਲੀ ਹੀਟ ਵਿੱਚ ਜਲੰਧਰ ਹਾਈਟਸ 2 ਦੀ ਅਨੰਨਿਆ ਨੇ 1 ਦੀ ਹਰਲੀਨ ਨੂੰ ਹਰਾਇਆ। ਦੂਜੀ ਹੀਟ ਵਿੱਚ ਜਲੰਧਰ ਹਾਈਟਸ 1 ਦੇ ਯਾਹਵੀ ਨੇ ਨੁਪੁਰ (ਜੇਐਚ 1) ਅਤੇ ਇਨਾਇਤ ਹਾਂਡਾ (ਜੇਐਚ 2) ਨੂੰ ਹਰਾ ਕੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। 18 ਸਾਲ ਤੋਂ ਘੱਟ ਉਮਰ ਦੇ ਲੜਕੇ 25 ਮੀਟਰ 'ਚ ਜਲੰਧਰ ਹਾਈਟ 2 ਦੇ ਕਰਮਨ ਨੇ ਸੁਹਾਨ (1) ਅਤੇ ਕੁਨਾਲ ਕੋਹਲੀ (2) ਨੂੰ ਹਰਾ ਕੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਦੂਜੇ ਹੀਟ ਵਿੱਚ ਜਲੰਧਰ ਹਾਈਟਸ 2 ਦੇ ਸਰਗੁਣਦੀਪ ਸਿੰਘ ਨੇ (ਜੇਐਚ 2) ਦੇ ਅਰਸ਼ੂ ਨੂੰ ਹਰਾਇਆ। 13 ਸਾਲ ਤੋਂ ਘੱਟ ਉਮਰ ਦੇ ਲੜਕੇ ਫ੍ਰੀਸਟਾਇਲ 25 ਮੀਟਰ 'ਚ ਜਲੰਧਰ ਹਾਈਟਸ 2 ਦੇ ਆਰਵ ਠਾਕੁਰ ਨੇ ਹਰਸ਼ਿਤ (ਜੇਐਚ 1) ਅਤੇ ਅਹਾਨ (ਜੇਐਚ 1) ਨੂੰ ਹਰਾਇਆ ਜਿਨ੍ਹਾਂ ਨੇ ਪਹਿਲੀ ਹੀਟ ਵਿੱਚ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਦੂਸਰੀ ਹੀਟ ਵਿੱਚ ਜਲੰਧਰ ਹਾਈਟਸ 1 ਦੇ ਭਵਿੰਦਰ ਸਿੰਘ ਨੇ ਆਦਿਤਿਆ (2) ਅਤੇ ਜਗਰਵ (2) ਨੂੰ ਹਰਾ ਕੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ।

ਸਾਈਂ ਨਿਜਾਮ ਸ਼ਾਹ ਬਲੀ ਦਰਬਾਰ 'ਤੇ ਸਾਲਾਨਾ ਉਰਸ ਮੇਲਾ ਸ਼ਰਧਾ ਪੂਰਵਕ ਸੰਪੰਨ

ਅੱਡਾ ਸਰਾਂ (ਜਸਵੀਰ ਕਾਜਲ)

ਪਿੰਡ ਕੰਧਾਲਾ ਸੇਖਾਂ ਵਿਖੇ ਦਰਬਾਰ ਇਲਾਹੀ ਹਜਰਤ ਸਾਈਂ ਨਿਜਾਮ ਸ਼ਾਹ ਬਲੀ ਚਿਸ਼ਤੀ ਸਾਬਰੀ ਦਾ 28ਵਾਂ ਉਰਸ ਮੇਲਾ ਸ਼ਰਧਾਪੂਰਵਕ ਸਪੰਨ ਹੋਇਆ। ਇਸ ਮੌਕੇ ਸੇਵਾਦਾਰ, ਪ੍ਰਬੰਧਕਾਂ ਅਤੇ ਨਗਰ ਨਿਵਾਸੀਆਂ ਵੱਲੋਂ ਮੁੱਕਦਸ ਦਰਗਾਹ 'ਤੇ ਚਿਰਾਗ ਰੋਸ਼ਨ, ਝੰਡਾ ਚੜ੍ਹਾਉਣ ਅਤੇ ਚਾਦਰ ਦੀ ਰਸਮ ਅਦਾ ਕਰਨ ਉਪਰੰਤ ਕਵਾਲ ਪਾਰਟੀਆਂ,ਨਕਲ ਪਾਰਟੀਆਂ ਆਦਿ ਕਲਾਕਾਰਾਂ ਨੇ ਆਪਣੇ ਫਨ ਦਾ ਮੁਜਾਹਰਾ ਕੀਤਾ। ਇਸ ਮੌਕੇ ਅਤੁੱਟ ਲੰਗਰ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਹ ਉਰਸ ਮੇਲਾ ਕਰਨ ਵਿਚ ਸੰਤ ਬਾਬਾ ਸਤਨਾਮ ਸਿੰਘ ਨਰੂੜ ਦਾ ਬਹੁਤ ਵੱਡਾ ਸਹਿਯੋਗ ਹੁੰਦਾ ਹੈ ! ਇਸ ਮੌਕੇ ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਤੋਤੀ, ਸੇਵਾਦਾਰ ਸਰਪੰਚ ਬਲਵੀਰ ਸਿੰਘ, ਸੁਖਦੇਵ ਸਿੰਘ ਸੇਰਾ, ਸਾਬਕਾ ਸਰਪੰਚ ਡਾਕਟਰ ਦਰਸਨ ਸਿੰਘ, ਜਸਵੀਰ ਸਿੰਘ ਜੱਸਾ, ਡਾਕਟਰ ਨਰਾਇਣ ਜਸਨਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਸਹਿਜ, ਮਨਿੰਦਰ ਸਿੰਘ, ਇਕਬਾਲ ਸਿੰਘਬਿੱਕੀ, ਮਨਜੀਤ ਲਾਲ, ਰੇਸਮ ਸਿੰਘ, ਹਰਜੀਤ ਸਿੰਘ, ਸਰਬਜੀਤ ਸਿੰਘ,ਗਗਨ,ਦੀਪੀ, ਬਿੱਟੂ ਆਦਿ ਇਲਾਕੇ ਅਤੇ ਨਗਰ ਦੀਆਂ ਸੰਗਤਾਂ ਹਾਜਰ ਸਨ।

ਆਫੀਸਰ ਰੈਂਕ ਦੀ ਹੋਈ ਪ੍ਰੀਖਿਆ 'ਚੋਂ ਈਸ਼ਵਰਜੋਤ ਨੇ ਤੇਰ੍ਹਵਾਂ ਰੈਂਕ ਕੀਤਾ ਹਾਸਲ

ਮੋਰਿੰਡਾ (ਜੈਜੀ ਸਰਦਾਰ) ਭਾਰਤੀ ਸੈਨਾ ਦੀ ਆਫਿਸਰ ਰੈਂਕ ਦੀ ਹੋਈ ਪ੍ਰੀਖਿਆ 'ਚੋਂ ਈਸ਼ਵਰਜੋਤ ਸਿੰਘ ਪਿੰਡ ਮੜੌਲੀ ਕਲਾਂ ਨੇ ਦੇਸ਼ ਭਰ 'ਚੋਂ ਤੇਰ੍ਹਵਾਂ ਰੈਂਕ ਹਾਸਲ ਕਰਕੇ ਲੈਫਟੀਨੈਂਟ ਦਾ ਅਹੁਦਾ ਪ੍ਰਾਪਤ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜਸਪ੍ਰੀਤ ਸਿੰਘ ਸਾਂਤਪੁਰੀ ਨੇ ਦੱਸਿਆ ਕਿ ਪਿੰਡ ਪਹੁੰਚਣ 'ਤੇ ਪਰਵਾਰਕ ਮੈਂਬਰਾਂ ਵੱਲੋਂ ਈਸ਼ਵਰਜੋਤ ਸਿੰਘ ਦਾ ਨਿੱਘਾ ਸਵਾਗਤ ਕੀਤਾ ਗਿਆ। ਨਵੇਂ ਬਣੇ ਲੈਫਟੀਨੈਂਟ ਈਸ਼ਵਰਜੋਤ ਸਿੰਘ ਨੇ ਇੱਕ ਮੁਲਾਕਾਤ 'ਚ ਕਿਹਾ ਕਿ ਉਹ ਦੇਸ਼ ਦੀ ਸੇਵਾ ਲਈ ਮਿਲੇ ਮੌਕੇ ਤੋਂ ਬਹੁਤ ਖੁਸ਼ ਹੈ, ਹੁਣ ਉਹ ਆਪਣੀ ਟ੍ਰੇਨਿੰਗ ਲਈ ਜਾਵੇਗਾ। ਇਸ ਮੌਕੇ ਉਹਨਾਂ ਦੇ ਪਿਤਾ ਦਿਲਾਵਰ ਸਿੰਘ ਅਤੇ ਮਾਤਾ ਭੁਪਿੰਦਰ ਕੌਰ ਨੇ ਕਿਹਾ ਕਿ ਉਹਨਾਂ ਦਾ ਸਪੁੱਤਰ ਬਹੁਤ ਹੀ ਹੋਣਹਾਰ ਹੈ ਅਤੇ ਹਮੇਸ਼ਾ ਭਾਰਤੀ ਸੈਨਾ ਵਿੱਚ ਸੇਵਾ ਕਰਨ ਲਈ ਉਤਸੁਕ ਰਹਿੰਦਾ ਸੀ। ਅੱਜ ਪ੍ਰਮਾਤਮਾ ਨੇ ਉਸ ਦਾ ਸੁਪਨਾ ਪੂਰਾ ਕਰ ਦਿਖਾਇਆ ਹੈ। ਇਸ ਮੌਕੇ ਗੁਰਪ੍ਰੀਤ ਸਿੰਘ ਸਾਂਤਪੁਰੀ, ਜਸਬੀਰ ਸਿੰਘ, ਜਸਪਾਲ ਕੌਰ ਨੇ ਇਸ ਮਾਣਮੱਤੀ ਪ੍ਰਾਪਤੀ ਤੇ ਖੁਸ਼ੀ ਦਾ ਇਜਹਾਰ ਕੀਤਾ।

ਮੰਢਾਲੀ ਵਿਖੇ ਮੇਲੇ ਦੇ ਦੂਸਰੇ ਦਿਨ ਕਲਾਕਾਰਾਂ ਨੇ ਭਰੀਆਂ ਹਾਜ਼ਰੀਆਂ

ਬਹਿਰਾਮ (ਅਵਤਾਰ ਕਲੇਰ) ਦਰਬਾਰ ਸੱਯਦ ਉੱਲ ਸੇਖ ਬਾਬਾ ਅਬਦੁੱਲਾ ਸ਼ਾਹ ਕਾਦਰੀ ਰੌਜਾ ਸ਼ਰੀਫ ਮੰਢਾਲੀ ਵਿਖੇ ਸਾਲਾਨਾ ਮੇਲਾ ਗੱਦੀ ਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਦੀ ਰਹਿਨੁਮਾਈ ਹੇਠ ਮਨਾਇਆ ਜਾ ਰਿਹਾ ਹੈ। ਵੱਖ-ਵੱਖ ਦਰਬਾਰਾਂ ਤੋਂ ਸਾਈਂ ਜੀਤ ਸ਼ਾਹ ਕਾਦਰੀ ਰੁੜਕਾਂ ਕਲਾਂ, ਸਾਈਂ ਫੱਕਰ ਸ਼ਾਹ ਦਾਦੂਵਾਲ, ਸਾਈਂ ਪੱਪਲ ਸ਼ਾਹ ਭਰੋਮਜਾਰਾ ਤੋਂ ਇਲਾਵਾ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਪੰਜਾਬ ਦੇ ਮਸ਼ਹੂਰ ਕਲਾਕਾਰਾਂ ਗੁਰਮੇਜ ਮੇਹਲੀ, ਰਮੇਸ਼ ਚੌਹਾਨ, ਸੱਤੀ ਖੋਖੇਵਾਲੀਆ, ਬਲਵਿੰਦਰ ਬਿੰਦਾ, ਰਾਜ ਗੁਲਜਾਰ, ਕਮਲ ਕਟਾਣੀਆ, ਜਮੀਲ ਅਖਤਰ, ਜੀ ਸਿੱਧੂ ਆਦਿ ਕਲਾਕਾਰਾਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਸਟੇਜ ਸੈਕਟਰੀ ਦੀ ਭੂਮਿਕਾ ਆਸ ਚੋਪੜਾ ਅਤੇ ਨੂਰ ਮੁਹੰਮਦ ਨੇ ਬਾਖੂਬੀ ਨਿਭਾਈ। ਇਸ ਮੌਕੇ ਸਾਂਈ ਉਮਰੇ ਸ਼ਾਹ ਕਾਦਰੀ, ਮੁਹੰਮਦ ਆਸ਼ਿਕ ਨੀਲਾ, ਜੀਤ ਬਾਬਾ, ਸਰਵਣ ਸਿੰਘ, ਚਰਨਜੀਤ ਰਾਏ, ਡਾ. ਜਗਦੀਸ਼ ਮੁਹੰਮਦ, ਕਮਲਜੀਤ ਗੜ੍ਹੀ, ਡਾ. ਸਤਨਾਮ ਪਰਸੋਵਾਲ, ਗੋਰਾ ਚੱਕ ਪ੍ਰੇਮਾ, ਸੋਨੂੰ ਜੱਸੋਮਜਾਰਾ, ਮੀਰਾ ਸ਼ਰਮਾ ਸਰਪੰਚ ਮੰਢਾਲੀ, ਬਲਜੀਤ ਸਿੰਘ ਸਰਪੰਚ ਕੁਲਥਮ, ਕਮਲਜੀਤ ਕੌਰ ਸਾਬਕਾ ਸਰਪੰਚ ਮੰਢਾਲੀ, ਧਰਮਿੰਦਰ ਸਿੰਘ ਮੰਢਾਲੀ, ਪੱਪੀ ਅਨੀਹਰ, ਸੋਨੂੰ ਬਾਵਾ, ਸੋਨੂੰ ਕੁਲਥਮ, ਚੰਨੀ ਖੋਥੜਾਂ, ਹੁਸਨ ਲਾਲ ਜੱਬੋਵਾਲ, ਮਨੀ, ਗੱਗੀ, ਹਨੀ ਆਦਿ ਹਾਜ਼ਰ ਸਨ।

ਸੀ